ਨਿਤਿਨ ਗਰਗ ਦੇ ਪਰਿਵਾਰ ਨੂੰ ਮਨੀਸ਼ ਤਿਵਾੜੀ ਨੇ ਦਿੱਤਾ ਢਾਈ ਲੱਖ ਦਾ ਚੈੱਕ

ਲੁਧਿਆਣਾ, 27 ਜਨਵਰੀ (ਰਾਜ ਜੋਸ਼ੀ) – ਆਸਟਰੇਲੀਆ ਦੇ ਸ਼ਹਿਰ ਮੈਲਬੋਰਨ 'ਚ ਦੋ ਜਨਵਰੀ ਨੂੰ ਚਾਕੂ ਮਾਰ ਕੇ ਕਤਲ ਕੀਤੇ ਜਗਰਾਉਂ ਦੇ ਨਿਤਿਨ ਗਰਗ ਦੇ ਪਰਿਵਾਰ ਨੂੰ ਕੇਂਦਰ ਸਰਕਾਰ ਵੱਲੋਂ ਐਲਾਨੀ ਢਾਈ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਲੋਕ ਸਭਾ ਮੈਂਬਰ ਅਤੇ ਕੁਲ ਹਿੰਦ ਕਾਂਗਰਸ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਦਿੱਤਾ। ਇਸ ਮੌਕੇ ਉਨ੍ਹਾਂ ਮ੍ਰਿਤਕ ਨਿਤਿਨ ਦੇ ਮਾਤਾ ਪ੍ਰਵੀਨ ਗਰਗ, ਭਰਾ ਹਨੀ ਗਰਗ, ਦਾਦਾ ਮੋਹਨ ਲਾਲ, ਤਾਇਆ ਵਰਿੰਦਰ ਕੁਮਾਰ, ਸਤੀਸ਼ ਕੁਮਾਰ ਅਤੇ ਚਾਚਾ ਅਸ਼ੋਕ ਗਰਗ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿਵਾਇਆ। ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਕਿਹਾ ਕਿ ਆਸਟ੍ਰੇਲੀਆ ਦੀ ਸਰਕਾਰ ਨੂੰ ਕੇਂਦਰ ਸਰਕਾਰ ਨੇ ਸਪੱਸ਼ਟ ਲਫਜ਼ਾਂ ਵਿੱਚ ਕਿਹਾ ਹੈ ਕਿ ਹਰੇਕ ਭਾਰਤੀ ਨਾਗਰਿਕ ਦੀ ਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ ਨਿਤਿਨ ਦੇ ਕਾਤਲਾਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਆਸਟਰੇਲੀਆ ਨੇ ਕਿਹਾ ਕਿ ਆਸਟਰੇਲੀਆ ਤੋਂ ਇਲਾਵਾ ਬਾਕੀ ਦੇਸ਼ਾਂ ਦੀ ਸਰਕਾਰਾਂ ਨੂੰ ਵੀ ਕੇਂਦਰ ਸਰਕਾਰ ਨੇ ਭਾਰਤੀਆਂ ਦੀਆਂ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਗੁਰਦੀਪ ਸਿੰਘ ਭੈਣੀ, ਕ੍ਰਿਸ਼ਨ ਕੁਮਾਰ ਬਾਵਾ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਪਵਨ ਦੀਵਾਨ, ਜਗਰਾਉਂ ਵਿਕਾਸ ਮੰਚ ਦੇ ਪ੍ਰਧਾਨ ਰਮਨ ਕੁਮਾਰ, ਪ੍ਰੀਤਮ ਅਖਾੜਾ, ਰਾਜ ਕੁਮਾਰ ਭੱਲਾ ਆਦਿ ਹਾਜ਼ਰ ਸਨ।

ਹਰਿਆਣਾ ਸਰਕਾਰ ਵੱਲੋਂ ਸਿਰਸਾ ਸ਼ਹਿਰ 'ਚ ਪੀਣ ਵਾਲਾ ਪਾਣੀ ਉਪਲਬਧ ਕਰਾਉਣ ਲਈ 291 ਕਰੋੜ ਰੁਪਏ ਦੇ ਪ੍ਰਾਜੈਕਟਾਂ ਨੂੰ ਮਨਜੂਰੀ

ਚੰਡੀਗੜ੍ਹ, 27 ਜਨਵਰੀ (ਵਿਸ਼ਵ ਵਾਰਤਾ)– ਸਿਰਸਾ ਸ਼ਹਿਰ ਵਿਚ ਸਾਫ ਪੀਣ ਵਾਲਾ ਪਾਣੀ ਉਪਲੱਬਧ ਕਰਵਾਉਣ ਅਤੇ ਸੀਵਰੇਜ ਪ੍ਰਣਾਲੀ ਨੂੰ ਦਰੁਸਤ ਕਰਨ ਦੇ ਲਈ ਰਾਜ ਸਰਕਾਰ ਨੇ 291 ਕਰੋੜ ਰੁਪਏ ਦੇ 2 ਪ੍ਰਾਜੈਕਟਾਂ ਨੂੰ ਮਨਜੂਰੀ ਪ੍ਰਦਾਨ ਕੀਤੀ ਹੈ । ਇਹ ਜਾਣਕਾਰੀ ਦਿੰਦੇ ਹੋਏ ਹਰਿਆਣਾ ਦੇ ਉਦਯੋਗ ਅਤੇ ਗ੍ਰਹਿ ਰਾਜ ਮੰਤਰੀ ਸ੍ਰੀ ਗੋਪਾਲ ਕਾਂਡਾ ਨੇ ਦਸਿਆ ਕਿ ਇਨ੍ਹਾਂ ਵਿਚੋਂ 161 ਕਰੋੜ ਰੁਪਏ ਦੀ ਇਕ ਪਿੰਡ ਪੰਜੂਆਨਾ ਵਿਚ "ਨਹਿਰੀ ਪਾਣੀ ਆਧਾਰਿਤ ਤੀਜਾ ਟਿਊਬਵੈਲ" ਅਤੇ 130 ਕਰੋੜ ਰੁਪਏ ਦੂਜੀ "ਸੀਵਰੇਜ ਪਰਿਯੋਜਨਾ" ਸ਼ਾਮਿਲ ਹੈ। ਇਸ ਯੋਜਨਾ ਦੇ ਤਹਿਤ ਪੰਜੂਆਨਾ ਪਿੰਡ ਵਿਚ ਟਿਊਬਵੈਲ ਅਤੇ ਟ੍ਰੀਟਮੈਂਟ ਪਲਾਂਟ ਦੀ ਸਥਾਪਨਾ ਵੀ ਕੀਤੀ ਜਾਵੇਗੀ, ਜਿਸ ਨਾਲ ਆਉਣ ਵਾਲੇ ਸਾਲਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਮੱਸਿਆ ਅਤੇ ਸ਼ਹਿਰੀ ਦੀ ਆਬਾਦੀ ਨੂੰ ਸਾਫ ਪੀਣ ਵਾਲਾ ਪਾਣੀ ਮਿਲ ਸਕੇਗਾ। ਇਹ ਪਾਣੀ ਪੂਰੀ ਤਰ੍ਹਾਂ ਟੀ.ਡੀ.ਐਸ. ਅਤੇ ਕੀਟਾਣੂ ਮੁਕਤ ਹੋਵੇਗਾ । ਉਨ੍ਹਾਂ ਨੇ ਦਸਿਆ ਕਿ ਇਹ ਟਿਊਬਵੈਲ ਅਤੇ ਟ੍ਰੀਟਮੈਂਟ ਪਲਾਂਟ ਪੰਜੂਆਨਾ ਪਿੰਡ ਵਿਚ 115 ਏਕੜ ਭੂਮੀ 'ਤੇ ਬਣਾਈਆ ਜਾਵੇਗਾ । ਇਸ ਪਲਾਂਟ ਦੇ ਲਈ 45 ਏਕੜ ਭੂਮੀ ਨੂੰ ਐਕਵਾਇਰ ਕਰਨ ਦੀ ਰਸਮੀ ਕਾਰਵਾਈਆਂ ਪੂਰੀ ਕਰ ਲਈਆਂ ਹਨ ਅਤੇ ਬਾਕੀ ਭੂਮੀ ਦੀ ਐਕਵਾਇਰ ਪ੍ਰਕ੍ਰਿਆ ਆਖਰੀ ਪੜਾਅ ਵਿਚ ਹੈ। ਟ੍ਰੀਟਮੈਂਟ ਪਲਾਂਟ ਦੇ ਲਈ ਐਕਵਾਇਰ ਕੀਤੀ ਜਾਣ ਵਾਲੀ ਭੂਮੀ 'ਤੇ 23 ਕਰੋੜ ਰੁਪਏ ਦੀ ਰਕਮ ਖਰਚ ਹੋਵੇਗੀ ਅਤੇ ਬਾਕੀ ਰਕਮ ਟਿਊਬਵੈਲ ਅਤੇ ਟ੍ਰੀਟਮੈਂਟ ਪਲਾਂਟ ਦੇ ਨਿਰਮਾਣ 'ਤੇ ਖਰਚ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਜਨਸਿਹਤ ਵਿਭਾਗ ਦੁਆਰਾ ਇਹ ਪ੍ਰੋਜੈਕਟ ਸਾਲ 2040 ਦੀ ਆਬਾਦੀ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਹੈ। ਵਾਟਰ ਟ੍ਰੀਟਮੈਂਟ ਪਲਾਂਟ ਸਥਾਪਿਤ ਹੋਣ ਦੇ ਬਾਅਦ ਸ਼ਹਿਰ ਦੀ ਆਬਾਦੀ ਨੂੰ 135 ਲੀਟਰ ਪ੍ਰਤੀ ਵਿਅਕਤੀ ਹਰ ਰੋਜ ਸਾਫ ਪੀਣ ਵਾਲਾ ਪਾਣੀ ਉਪਲੱਬਧ ਹੋ ਸਕੇਗਾ। ਟ੍ਰੀਟਮੈਂਟ ਪਲਾਂਟ ਦੇ ਸ਼ੁਰੂਆਤ ਵਿਚ 8 ਟੈਂਕਾਂ ਦਾ ਨਿਰਮਾਣ ਕੀਤਾ ਜਾਵੇਗਾ ਅਤੇ ਆਬਾਦੀ ਦੀ ਬੜ੍ਹੋਤਰੀ ਦੇ ਨਾਲ-ਨਾਲ ਟੈਂਕਾਂ ਦੀ ਗਿਣਤੀ ਵੱਧਾ ਦਿੱਤੀ ਜਾਵੇਗੀ। ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਦੇ ਲਈ ਸ਼ਹਿਰ ਦੇ ਵੱਖ-ਵੱਖ ਥਾਂਵਾਂ 'ਤੇ ਅੱਧਾ ਦਰਜਨ ਬੂਸਟਿੰਗ ਸਟੇਸ਼ਨ ਬਣਵਾਏ ਜਾਣਗੇ। ਸ੍ਰੀ ਕਾਂਡਾ ਨੇ ਦਸਿਆ ਕਿ ਸ਼ਹਿਰ ਵਿਚ ਸੀਵਰੇਜ ਵਿਵਸਥਾ ਨੂੰ ਦਰੂਸਤ ਕਰਨ ਦੇ ਲਈ 130 ਕਰੋੜ ਰੁਪਏ ਦੀ ਰਕਮ ਰਾਜ ਸਰਕਾਰ ਦੁਆਰਾ ਮੰਜ਼ੂਰ ਕੀਤੀ ਜਾ ਚੁੱਕੀ ਹੈ, ਜਿਸ ਨਾਲ ਸ਼ਹਿਰ ਦੀ ਪੁਰਾਣੀ ਕਲੋਨੀ ਤੇ ਇਸੇ ਸਾਲ ਮੰਜ਼ੂਰ ਹੋਈ 13 ਕਲੋਨੀਆਂ ਵਿਚ ਸੀਵਰੇਜ ਦੀ ਵਿਵਸਥਾ ਕੀਤੀ ਜਾਵੇਗੀ। ਸ਼ਹਿਰ ਦੀ ਅਗਰਵਾਲ ਕਲੋਨੀ, ਚਾਵਲਾ ਕਲੋਨੀ, ਚੱਤਰਗੜ੍ਹ ਪੱਟੀ ਤੇ ਆਲੇ-ਦੁਆਲੇ ਲਗਦੀ ਸਾਰੀ ਛੋਟੀ-ਵੱਡੀ ਕਲੋਨੀਆਂ ਵਿਚ ਗੰਦੇ ਪਾਣੀ ਦੀ ਨਿਕਾਸੀ ਦੇ ਲਈ 40 ਇੰਚ ਤਕ ਦੀ ਚੌੜਾਈ ਵਾਲੀ ਮੁੱਖ ਸੀਵਰੇਜ ਲਾਈਨ ਬਣਾਈ ਜਾਵੇਗੀ, ਜਿਸ ਨੂੰ ਕੇਲਨੀਆਂ ਵਾਟਰ ਡਿਸਪੋਜਲ ਪਲਾਂਟ ਨਾਲ ਮਿਲਾਈਆ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਸ਼ਹਿਰ ਦੇ ਆਲੇ-ਦੁਆਲੇ 17 ਕਰੋੜ ਰੁਪਏ ਦੀ ਲਾਗਤ ਨਾਲ ਦੋ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਏ ਜਾਣ, ਜਿੱਥੇ ਸੀਵਰੇਜ ਗੰਦੇ ਪਾਣੀ ਦੀ ਸੋਧ ਕਰਕੇ ਕਿਸਾਨਾਂ ਨੂੰ ਫਸਲ ਸਿੰਚਾਈ ਦੇ ਲਈ ਦਿੱਤਾ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਸੀਵਰੇਜ ਟ੍ਰੀਟਮੈਂਟ ਪਲਾਂਟ ਨਟਾਰ ਪਿੰਡ ਅਤੇ ਦੂਜਾ ਕੇਲਨੀਆਂ ਪਿੰਡ ਵਿਚ ਲਗਾਇਆ ਜਾਵੇਗਾ। 8.50 –8.50 ਕਰੋੜ ਰੁਪਏ ਦੀ ਲਾਗਤ ਵਾਲੇ ਇਨ੍ਹਾਂ ਟ੍ਰੀਟਮੈਂਟ ਪਲਾਂਟ ਦੇ ਲੱਗਣ ਨਾਲ ਸੀਵਰੇਜ ਪਾਣੀ ਦੀ ਸਹੀ ਵਰਤੋਂ ਹੋ ਪਾਏਗੀ ਅਤੇ ਕਿਸਾਨਾਂ ਦੀ ਫਸਲਾਂ ਨੂੰ ਪੂਰਾ ਪਾਣੀ ਉਪਲੱਬਧ ਹੋ ਸਕੇਗਾ।

ਸੁਖਬੀਰ ਬਾਦਲ ਦੀ ਹਾਜ਼ਰੀ 'ਚ ਕੀਤੇ ਇਕਰਾਰਨਾਮੇ ਤੋਂ ਬੈਂਕ ਮੁਲਾਜ਼ਮਾਂ ਨੂੰ ਬੀਮਾ ਸਹੂਲਤ ਦੇਣ ਤੋਂ ਭੱਜਾ

ਚੰਡੀਗੜ੍ਹ, 27 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਉਪ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਨਿੱਜੀ ਬੈਂਕ ਐਚ.ਡੀ.ਐਫ.ਸੀ. ਵੱਲੋਂ ਪੰਜਾਬ ਪੁਲਿਸ ਦੇ 70 ਹਜ਼ਾਰ ਮੁਲਾਜ਼ਮਾਂ ਨੂੰ ਬੀਮਾ ਸਹੂਲਤ ਦੇ ਨਾਲ-ਨਾਲ ਉਨ੍ਹਾਂ ਦੇ ਸੇਵਿੰਗ ਖਾਤੇ ਖੋਲ੍ਹਣ ਦੇ ਕੀਤੇ ਕਰਾਰ ਤੋਂ ਹੁਣ ਬੈਂਕ ਭੱਜ ਰਿਹਾ ਹੈ। ਉਨ੍ਹਾਂ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਬੈਂਕ ਦੇ ਅਧਿਕਾਰੀ ਮੁਲਾਜ਼ਮਾਂ ਨੂੰ ਨਵੇਂ ਸਾਲ ਦਾ ਤੋਹਫਾ ਦੇਣ ਆਏ ਸਨ। ਹੁਣ ਇਸ ਨਿੱਜੀ ਬੈਂਕ ਨੇ ਪੰਜਾਬ ਪੁਲਿਸ ਨਾਲ ਸਮਝੌਤਾ ਕਰਨ ਤੋਂ ਟਾਲਾ ਵੱਟ ਲਿਆ ਹੈ ਤੇ ਪੁਲਿਸ ਵਿਭਾਗ ਨੇ ਵੀ ਆਪਣੇ ਮੁਲਾਜ਼ਮਾਂ ਨੂੰ ਇਸ ਬੈਂਕ 'ਚ ਖਾਤੇ ਖੋਲ੍ਹਣ ਸੰਬੰਧੀ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਹਨ। ਸੂਤਰਾਂ ਅਨੁਸਾਰ ਮੁਲਾਜ਼ਮਾਂ ਦੇ ਖਾਤੇ ਖੁੱਲ੍ਹਣ ਨਾਲ ਬੈਂਕ ਨੂੰ 1500 ਕਰੋੜ ਰੁਪਏ ਦੀ ਰਾਸ਼ੀ ਜਮ੍ਹਾ ਖਾਤੇ ਵਿੱਚ ਮਿਲਣੀ ਸੀ। ਜਿਸ ਬਦਲੇ ਮੁਫਤ ਵਿੱਚ ਪੁਲਿਸ ਮੁਲਾਜ਼ਮਾਂ ਨੂੰ ਬੀਮਾ ਕਵਰ ਦਿੱਤਾ ਜਾਣਾ ਸੀ। ਹੁਣ ਬੈਂਕ ਤੇ ਵਿਭਾਗ ਦੋਹਾਂ ਵੱਲੋਂ ਇਸ ਮਾਮਲੇ 'ਤੇ ਅੱਗੇ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ, ਜਿਸ ਕਾਰਨ ਮੁਲਾਜ਼ਮ ਆਪਣੇ-ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਸੂਤਰਾਂ ਅਨੁਸਾਰ ਮੌਜੂਦਾ ਬੈਂਕ ਐੱਸ.ਬੀ.ਆਈ. ਨੇ ਇਸ ਸੰਬੰਧੀ ਵਿਭਾਗ ਦੇ ਉੱਚ ਅਧਿਕਾਰੀਆਂ 'ਤੇ ਦਬਾਅ ਸਕੀਮ ਠੁੱਸ ਕਰਵਾ ਦਿੱਤੀ ਹੈ। ਉਨ੍ਹਾਂ ਮੁਲਾਜ਼ਮਾਂ ਵੱਲੋਂ ਲਏ ਕਰਜ਼ੇ ਬਾਰੇ ਜਾਣਕਾਰੀ ਦੇ ਕੇ ਅਧਿਕਾਰੀਆਂ ਅੱਗੇ ਮੁਸ਼ਕਿਲ ਖੜ੍ਹੀ ਕਰ ਦਿੱਤੀ ਹੈ।

ਚੋਪੜਾ ਵੱਲੋਂ 20 ਗਰੀਬ ਪਰਿਵਾਰਾਂ ਨੂੰ ਰਾਹਤ

ਹੁਸ਼ਿਆਰਪੁਰ, 27 ਜਨਵਰੀ (ਕੁਲਦੀਪ ਸਿੰਘ ਪੱਟੀ)–ਲੋਕ ਸੇਵਾ ਸੰਮਤੀ ਹੁਸ਼ਿਆਰਪੁਰ ਦੇ ਬਾਨੀ ਪ੍ਰਧਾਨ ਵਕੀਲ ਅਜੈ ਭੱਲਾ ਅਤੇ ਉਪ ਪ੍ਰਧਾਨ ਸ੍ਰੀ ਕੁਲਦੀਪ ਸਿੰਘ ਬਜਵਾੜਾ ਸੰਪਾਦਕ ਹੁਸ਼ਿਆਰਪੁਰ ਨਿਊਜ਼ ਨੇ ਦੱਸਿਆ ਕਿ ਸੰਮਤੀ ਦੇ ਦੂਜੇ ਰਾਹਤ ਵੰਡ ਸਮਾਰੋਹ ਦੀ ਪ੍ਰਧਾਨਗੀ ਤੇ ਮੱਖ ਮਹਿਮਾਨ ਸ੍ਰੀ ਵਿਜੇ ਕੁਮਾਰ ਚੋਪੜਾ ਮੁੱਖ ਸੰਪਾਦਕ ਪੰਜਾਬ ਕੇਸਰੀ, ਗਰੁੱਪ ਨੇ 20 ਲੋੜਵੰਦ ਗਰੀਬ ਪਰਿਵਾਰਾਂ ਨੂੰ ਘਰੇਲੂ ਸਾਮਾਨ ਤੇ ਗਰਮ ਕੰਬਲ ਵੰਡੇ। ਇਸ ਮੌਕੇ ਸ੍ਰ. ਕੁਲਦੀਪ ਸਿੰਘ ਪੱਟੀ (ਦੀਪ ਅਲੋਪ) ਸਿਆਸੀ ਪੱਤਰਕਾਰ ਅੱਜ ਦੀ ਅਵਾਜ਼ ਨੇ ਲੋਕ ਸੇਵਾ ਕਵਿਤਾ ਸੁਣਾਈ ਤੇ ਪ੍ਰਬੰਧਕਾਂ ਵੱਲੋਂ ਸ੍ਰੀ ਵਿਜੈ ਚੋਪੜਾ ਨੇ ਸ੍ਰ. ਪੱਟੀ ਦਾ ਸਨਮਾਨ ਚਿੰਨ੍ਹ ਨਾਲ ਸਨਮਾਨ ਕੇਸ਼ੋ ਮੰਦਰ ਹੁਸ਼ਿਆਰਪੁਰ ਵਿਖੇ ਕੀਤਾ।

ਰਾਜਪਾਲ ਨੇ ਆਪਣੇ ਭਾਸ਼ਨ ਵਿੱਚ ਫ਼ਤਹਿਗੜ੍ਹ ਸਾਹਿਬ ਦੀ ਮਹਾਨ ਧਰਤੀ ਦਾ ਜਿਕਰ ਤੱਕ ਨਾ ਕੀਤਾ

ਫਤਿਹਗੜ੍ਹ ਸਾਹਿਬ, 27 ਜਨਵਰੀ (ਪਰਦੀਪ ਸਿੰਘ) : ਪੰਜਾਬ ਦੇ ਨਵੇਂ ਨਿਯੁਕਤ ਰਾਜਪਾਲ ਸ਼ਿਵਰਾਜ ਪਾਟਿਲ ਜੋਕਿ 61ਵੇਂ ਗਣਤੰਤਰ ਦਿਵਸ ਦੇ ਰਾਜ ਪੱਧਰੀ ਸਮਾਗਮ ਦੌਰਾਨ ਮਾਤਾ ਗੁਜਰੀ ਕਾਲਜ ਦੇ ਖੇਡ ਸਟੇਡੀਅਮ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਕਰਨ ਆਏ ਸਨ, ਨੇ ਆਪਣੇ ਸੰਬੋਧਨ ਵਿੱਚ ਵੱਖ ਵੱਖ ਪਹਿਲੂਆਂ ਦਾ ਜਿਕਰ ਕੀਤਾ ਪ੍ਰੰਤੂ ਉਹ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਉਸ ਮਹਾਨ ਧਰਤੀ ਦਾ ਜਿਕਰ ਕਰਨ ਹੀ ਭੁੱਲ ਗਏ ਜਿੱਥੇ ਗੁਰੂ ਗੋਬਿੰਦ ਸਿੰਘ ਦੇ ਦੋ ਸ਼ਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਨੇ ਮਾਤਾ ਗੁਜਰੀ ਜੀ ਨੇ ਕੁਰਬਾਨੀ ਦਿੱਤੀ, ਦਾ ਜਿਕਰ ਕਰਨਾ ਹੀ ਭੁੱਲ ਗਏ। ਹਿੰਦੀ ਵਿੱਚ ਦਿੱਤੇ ਆਪਣੇ ਭਾਸ਼ਨ ਅਤੇ ਪੂਰੀ ਤਰ੍ਹਾਂ ਸੱਜ ਸਵਰ ਕੇ ਆਏ ਵਿੱਚ ਰਾਜਪਾਲ ਨੇ ਭਾਰਤ ਦੇਸ਼ ਅਤੇ ਪੰਜਾਬ ਨਾਲ ਜੁੜੇ ਵੱਖ ਵੱਖ ਪੱਖਾਂ ਬਾਰੇ ਵਿਸਤਾਰਪੂਰਵਕ ਗੱਲਬਾਤ ਕੀਤੀ । ਇਸ ਮੌਕੇ ਤੇ ਹਾਜਰ ਸਿਆਸਤਦਾਨਾਂ, ਪੱਤਰਕਾਰਾਂ, ਅਫਸਰਾਂ ਨੂੰ ਇਹ ਦੇਖ ਕੇ ਉਸ ਸਮੇਂ ਹੈਰਾਨੀ ਹੋਈ ਜਦੋ ਰਾਜਪਾਲ ਨੇ ਆਪਣਾ ਭਾਸ਼ਨ ਸਮਾਪਤ ਕਰ ਦਿੱਤਾ ਪ੍ਰੰਤੂ ਆਪਣੇ ਭਾਸ਼ਨ ਵਿੱਚ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਦਾ ਜਿਕਰ ਕਰਨ ਹੀ ਭੁੱਲ ਗਏ। ਰਾਜਪਾਲ ਨੇ ਆਪਣਾ ਸਾਰਾ ਭਾਸ਼ਨ ਮਾਤਾ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਸਾਹਮਣੇ ਸਥਿਤ ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਦੇ ਖੇਡ ਸਟੇਡੀਅਮ ਵਿੱਖੇ ਦਿੱਤਾ। ਸਟੇਜ ਸਕੱਤਰ ਦਾ ਫਰਜ ਫ਼ਤਹਿਗੜ੍ਹ ਸਾਹਿਬ ਦੇ ਜਿਲ੍ਹਾ ਲੋਕ ਸੰਪਰਕ ਅਫਸਰ ਸ: ਕੁਲਜੀਤ ਸਿੰਘ ਨੇ ਬਾਖੂਬੀ ਨਿਭਾਇਆ। ਉਨ੍ਹਾਂ ਪੰਜਾਬ ਦੇ ਨਵੇਂ ਨਿਯੁਕਤ ਰਾਜਪਾਲ ਨੇ ਜੀਵਨ ਦਾ ਵੇਰਵਾ ਇੱਕਤਰ ਹੋਏ ਲੋਕਾਂ ਨੂੰ ਦੱਸਿਆ। ਰਾਜਪਾਲ ਨੇ ਮਾਰਚ ਪਾਸਟ ਤੋਂ ਸਲਾਮੀ ਲਈ ਅਤੇ ਪਰੇਡ ਦਾ ਨਿਰੀਖਣ ਕੀਤਾ। ਪਰੇਡ ਵਿੱਚ ਪੰਜਾਬ ਆਰਮਡ ਪੁਲਿਸ, ਪੰਜਾਬ ਪੁਲਿਸ, ਹੋਮ ਗਾਰਡਜ਼ ਅਤੇ ਐਨ ਸੀ ਸੀ ਅਤੇ ਐਨ ਐਸ ਐਸ ਵਲੰਟੀਅਰਾਂ ਦੀਆਂ ਟੁਕੜੀਆਂ ਸ਼ਾਮਲ ਹੋਈਆਂ। ਇਸ ਮੌਕੇ ਵੱਖ ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਗਈਆਂ। ਸ਼੍ਰੀ ਸ਼ਿਵਰਾਜ ਪਾਟਿਲ ਨੇ ਆਪਣੇ ਸੰਬੋਧਨ ਵਿੱਚ ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਵਾਰਨ ਅਤੇ ਅਨੇਕਾਂ ਤਸੀਹੇ ਝੱਲਣ ਵਾਲੇ ਸੁਤੰਤਰਤਾ ਸੰਗਰਾਮੀਆਂ ਦੇ ਨਾਲ਼ ਨਾਲ਼ ਦੇਸ਼ ਦੀ ਅਜ਼ਾਦੀ ਦੀ ਰਾਖੀ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲ਼ੇ ਸੈਨਿਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਹਨਾਂ ਆਖਿਆ ਕਿ ਗਣਤੰਤਰ ਵਿੱਚ ਲੋਕਾਂ ਦਾ ਮਹੱਤਵ ਹੁੰਦਾ ਹੈ, ਲੋਕ ਸਰਕਾਰ ਬਣਾਉਂਦੇ ਹਨ। ਚੁਣੇ ਹੋਏ ਪ੍ਰਤੀਨਿਧਾਂ ਦੁਆਰਾ ਸਰਕਾਰਾਂ ਬਣਾਈਆਂ ਜਾਂਦੀਆਂ ਹਨ ਅਤੇ ਚਲਾਈਆਂ ਜਾਂਦੀਆਂ ਹਨ। ਭਾਰਤ ਵਿੱਚ ਅਜਿਹੀ ਪ੍ਰਣਾਲੀ ਸਦਕਾ ਇਸਨੂੰ ਦੁਨੀਆਂ ਵਿੱਚ ਸਭ ਤੋਂ ਵੱਡੇ ਲੋਕਤੰਤਰ ਵੱਜੋਂ ਆਦਰ ਨਾਲ਼ ਵੇਖਿਆ ਜਾਂਦਾ ਹੈ ਜੋ ਕਿ ਦੇਸ਼ ਵਾਸੀਆਂ ਦੀ ਆਪਣੇ ਆਪ ਵਿੱਚ ਮਹੱਤਵਪੂਰਨ ਉਪਲਬਧੀ ਹੈ। ਸ਼੍ਰੀ ਸ਼ਿਵਰਾਜ ਪਾਟਿਲ ਨੇ ਆਖਿਆ ਕਿ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਆਪਸੀ ਸਹਿਯੋਗ ਨਾਲ਼ ਦੇਸ਼ ਦੀ ਤਰੱਕੀ ਲਈ ਕੰਮ ਕਰ ਰਹੀਆਂ ਹਨ। ਬਿਨਾਂ ਸ਼ੱਕ ਦੇਸ਼ ਨੇ ਖੇਤੀ, ਉਦਯੋਗ, ਵਪਾਰ, ਵਿਗਿਆਨ, ਤਕਨਾਲੋਜੀ ਦੇ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਅਜੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਉਹਨਾਂ ਆਖਿਆ ਕਿ ਭਾਰਤ ਦੀ ਅਨੇਕਤਾ ਵਿੱਚ ਏਕਤਾ ਬਣਾਈ ਰੱਖਣ ਲਈ ਕਈ ਵਾਰ ਮੁਸ਼ਕਿਲਾਂ ਵੀ ਪੇਸ਼ ਆਉਂਦੀਆਂ ਹਨ, ਪਰੰਤੂ ਅਮਨ ਅਤੇ ਨਿਆਂ ਵਿਵਸਥਾ ਨੂੰ ਧਿਆਨ ਵਿੱਚ ਰੱਖਦਿਆਂ ਹੀ ਇਨ੍ਹਾਂ ਦਾ ਹੱਲ ਕੀਤਾ ਜਾ ਸਕਦਾ ਹੈ। ਸ਼੍ਰੀ ਸ਼ਿਵਰਾਜ ਪਾਟਿਲ ਨੇ ਆਖਿਆ ਕਿ ਜੈ ਜਵਾਨ ਜੈ ਕਿਸਾਨ ਦਾ ਨਾਅਰਾ ਸਭ ਤੋਂ ਵੱਧ ਪੰਜਾਬ ਤੇ ਹੀ ਢੁਕਦਾ ਹੈ ਕਿਉਂਕਿ ਪੰਜਾਬ ਦੇ ਜਵਾਨਾਂ ਨੇ ਜਿੱਥੇ ਦੇਸ਼ ਦੀ ਆਜਾਦੀ ਅਤੇ ਇਸਨੂੰ ਕਾਇਮ ਰੱਖਣ ਲਈ ਵੱਡਮੁੱਲਾ ਯੋਗਦਾਨ ਪਾਇਆ ਹੈ, ਉੱਥੇ ਦੇਸ਼ ਦਾ ਅੰਨ ਭੰਡਾਰ ਭਰਨ ਵਿੱਚ ਵੀ ਪੰਜਾਬੀਆਂ ਨੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ ਜਿਸ ਵਿੱਚ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਦਾ ਸਾਂਝਾ ਉੱਦਮ ਰਿਹਾ ਹੈ। ਉਹਨਾਂ ਆਖਿਆ ਕਿ ਮੌਜੂਦਾ ਸਰਕਾਰ ਦੀ ਮੁੱਖ ਤਰਜੀਹ ਪੰਜਾਬ ਵਿੱਚ ਖੇਤੀ ਤੇ ਅਧਾਰਤ ਸਨਅੱਤਾਂ ਅਤੇ ਵਿਗਿਆਨ ਅਤੇ ਤਕਨੀਕੀ ਵਿਕਾਸ ਲਈ ਵੀ ਸਨਅੱਤਾਂ ਨੂੰ ਬੜ੍ਹਾਵਾ ਦੇਣਾ ਹੋਵੇਗੀ। ਸ਼੍ਰੀ ਪਾਟਿਲ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਅਤੇ ਕੁਰੀਤੀਆਂ ਵਿਰੁੱਧ ਸਕਾਰਾਤਮਕ ਰੁਖ ਅਪਣਾਉਂਦਿਆਂ ਪੂਰੀ ਇਕਜੁਟਤਾ ਨਾਲ਼ ਇਨ੍ਹਾਂ ਨੂੰ ਖ਼ਤਮ ਕਰਨ ਲਈ ਲੋਕਾਂ ਨੂੰ ਸੱਦਾ ਦਿੱਤਾ।

ਸਰਕਾਰੀ ਅਧਿਕਾਰੀਆਂ...

ਸਫਾ 1 ਦੀ ਬਾਕੀ

ਗਏ ਸਮੇਂ ਦੌਰਾਨ ਸੰਬਧਤ ਅਧਿਕਾਰੀ/ਕਰਮਚਾਰੀ 58 ਸਾਲ ਦੀ ਉਮਰ 'ਤੇ ਆਖਰੀ ਲਈ ਗਈ ਤਨਖਾਹ 'ਤੇ ਅਗਲੇਰੀ ਤਰੱਕੀ ਲਈ ਹੱਕਦਾਰ ਹੋਣਗੇ। ਉਹਨਾ ਅੱਗੇ ਦੱਸਿਆ ਕਿ ਮਿਤੀ 31-1-2010 ਨੂੰ ਰਿਟਾਇਰ ਹੋਣ ਵਾਲੇ ਖੇਤਰੀ ਦਫਤਰਾਂ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾਕਾਲ ਵਿਚ ਇਹ ਵਾਧਾ ਸੰਬਧਤ ਮੁੱਖ ਦਫਤਰ ਆਪਣੀ ਪੱਧਰ 'ਤੇ ਕਰਨ ਉਪਰੰਤ ਇਸ ਦੀ ਕਾਰਜ-ਬਾਅਦ ਪ੍ਰਵਾਨਗੀ ਸਮਰੱਥ ਅਧਿਕਾਰੀ ਤੋਂ ਲੈਣਗੇ। ਇਸ ਸਮੇਂ ਦੌਰਾਨ ਸੇਵਾ ਵਿਚ ਰਹਿਣ ਲਈ ਸੰਬਧਤ ਅਧਿਕਾਰੀ/ਕਰਮਚਾਰੀ ਇਕ ਸਾਲ ਦਾ ਵਾਧਾ ਲੈਣ ਲਈ ਨਿਰਧਾਰਤ ਪ੍ਰੋਫਾਰਮਾ ਲਈ ਆਪਣੀ ਆਪਸ਼ਨ ਭਰ ਕੇ ਦੇਣੀ ਹੋਵੇਗੀ।

ਬਿਜਲੀ ਖ਼ਪਤਕਾਰ...

ਸਫਾ 1 ਦੀ ਬਾਕੀ

ਬਿਨ੍ਹਾਂ ਦੱਸੇ ਵਧਾ ਲਏ ਗਏ ਆਪਣੇ ਬਿਜਲੀ ਲੋਡ ਕਾਰਨ ਹੀ ਲੱਗੇ ਲੇਕਿਨ ਇਸ ਆਉਂਦੀਆਂ ਗਰਮੀਆਂ ਨੂੰ ਬਿਜਲੀ ਬੋਰਡ ਇਸ ਸਮੱਸਿਆਂ ਤੋਂ ਨਿਜ਼ਾਤ ਦਵਾਉਣ ਲਈ ਬਚਨਬੱਧ ਹੈ।

ਸੰਜੇ ਦੱਤ ਦਾ...

ਸਫਾ 1 ਦੀ ਬਾਕੀ

ਪਾਰਟੀ ਦਾ ਨਵਾਂ ਉਪ ਚੇਅਰਮੈਨ ਨਿਯੁਕਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਨੇਸ਼ਵਰ ਮਿਸ਼ਰ ਦੀ ਮੌਤ ਅਤੇ ਪਾਰਟੀ ਦੇ ਕੁਝ ਨੇਤਾਵਾਂ ਦੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣ ਕਾਰਨ ਖਾਲੀ ਹੋਏ ਅਹੁਦਿਆਂ 'ਤੇ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਨੇਤਾਵਾਂ ਤੋਂ ਇਲਾਵਾ ਸਾਬਕਾ ਸਾਂਸਦ ਡੀ. ਪ੍ਰਸਾਦ ਨਿਸ਼ਾਦ ਅਤੇ ਰਾਮ ਆਸਰੇ ਕੁਸ਼ਵਾਹ ਨੂੰ ਰਾਸ਼ਟਰੀ ਜਨਰਲ ਸਕੱਤਰ ਬਣਾਇਆ ਗਿਆ ਹੈ। ਉਥੇ ਕੇਰਲ ਦੇ ਜੋ. ਐਂਟਨੀ ਕੇਂਦਰੀ ਸੰਸਦੀ ਬੋਰਡ ਦੇ ਮੈਂਬਰ ਨਾਮਜ਼ਦ ਕੀਤੇ ਗਏ ਹਨ।

ਹਕੀਮਪੁਰ ਦਾ ਵੀਹਵਾਂ ਪੁਰੇਵਾਲ...

ਸਫਾ 1 ਦੀ ਬਾਕੀ

ਹਜ਼ਾਰ ਰੁਪਏ ਦਾ ਹੈ। ਖੇਡ ਮੇਲੇ ਵਿੱਚ ਨਿਹੰਗ ਸਿੰਘ ਦੀ ਨੇਜਾਬਾਜ਼ੀ, ਗਤਕਾ ਤੇ ਘੋੜ ਦੌੜ ਹੋਵੇਗੀ। ਬੁੱਧ ਸਿੰਘ ਧਲੇਤਾ ਦੀਆਂ ਘੋੜੀਆਂ ਦਾ ਨਾਚ ਹੋਵੇਗਾ। ਰੱਸਾਕੱਸ਼ੀ, ਭਾਰ ਚੁੱਕਣ, ਕੁੱਤਿਆਂ ਦੀ ਦੌੜ, ਲੜਕੀਆਂ ਦੀ ਕਬੱਡੀ ਤੇ ਬਾਜੀਗਰੀ ਦੇ ਕਰਤੱਬ ਹੋਣਗੇ। ਨੁਮਾਇਸ਼ਾਂ ਲੱਗਣਗੀਆਂ ਅਤੇ ਕੌਮੀ ਪੱਧਰ ਦੇ ਨੇਤਾ ਮੇਲੇ ਦੀ ਸ਼ਾਨ ਵਧਾਉਣਗੇ। ਪ੍ਰਿੰ. ਸਰਵਣ ਸਿੰਘ ਦੀ ਨਵੀਂ ਪੁਸਤਕ 'ਮੇਲੇ ਕਬੱਡੀ ਦੇ' ਰਿਲੀਜ਼ ਕੀਤੀ ਜਾਵੇਗੀ ਤੇ ਵੱਖ-ਵੱਖ ਖੇਤਰਾਂ ਵਿੱਚ ਉੱਘਾ ਯੋਗਦਾਨ ਪਾਉਣ ਵਾਲੇ ਸੱਜਣਾਂ ਦਾ ਮਾਣ ਸਨਮਾਨ ਹੋਵੇਗਾ। ਭਾਰਤ ਦੀ ਹੋਣਹਾਰ ਪਹਿਲਵਾਨ ਨਵਜੋਤ ਕੌਰ ਨੂੰ ਮਾਤਾ ਸੁਰਜੀਤ ਕੌਰ ਐਵਾਰਡ ਨਾਲ ਪੱਚੀ ਹਜ਼ਾਰ ਦੀ ਥੈਲੀ ਤੇ ਗੁਰਜ ਨਾਲ ਸਨਮਾਨਿਆ ਜਾਵੇਗਾ। ਮੇਲੇ ਦੇ ਰੂਹੇ ਰਵਾਂ ਗੁਰਜੀਤ ਸਿੰਘ ਪੁਰੇਵਾਲ ਪਰਿਵਾਰ ਸਮੇਤ ਹਕੀਮਪੁਰ ਪੁੱਜ ਗਏ ਹਨ ਜਿਨ੍ਹਾਂ ਨੇ ਸਮੂਹ ਖੇਡ ਪ੍ਰੇਮੀਆਂ ਨੂੰ ਪੁਰੇਵਾਲ ਖੇਡ ਮੇਲੇ 'ਚ ਪੁੱਜਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਸ. ਗੁਰਜੀਤ ਸਿੰਘ ਪੁਰੇਵਾਲ, ਪੇਲਵੰਗ ਬੁੱਧ ਸਿੰਘ ਧਲੇਤਾ ਪਹਿਲਵਾਨ, ਨਿਰਮਲ ਸਿੰਘ ਅਜਨਾਲਾ, ਪਹਿਲਵਾਨ ਪਰਮਜੀਤ ਸਿੰਘ ਪੰਮਾ (ਰੇਰੂ), ਮਾਸਟਰ ਜੋਗਾ ਸਿੰਘ, ਵਰਿੰਦਰ ਸਿੰਘ ਔਜਲਾ ਮੁੱਖ ਸੰਪਾਦਕ ਮਿਸ਼ਨ, ਸ. ਕੁਲਤਾਰ ਸਿੰਘ ਪੁਰੇਵਾਲ,ਅਵਤਾਰ ਸਿੰਘ ਪੁਰੇਵਾਲ ਕੁਸ਼ਤੀ ਕੋਚ, ਪਹਿਲਵਾਨ ਸੁਰੇਸ਼ ਸਿੰਘ ਮਾਨ, ਪ੍ਰਿੰ. ਸਰਵਨ ਸਿੰਘ ਅਤੇ ਕੋਚ ਪੀ.ਆਰ. ਸੌਂਧੀ ਆਦਿ ਹਾਜ਼ਰ ਸਨ।

ਬੱਸ ਕਿਰਾਏ 'ਚ ਚੁੱਪ-ਚਪੀਤੇ...

ਸਫਾ 1 ਦੀ ਬਾਕੀ

ਕਿਰਾਏ ਭਾੜੇ ਵਿੱਚ 26ਜਨਵਰੀ ਅੱਧੀ ਰਾਤ ਤੋਂ ਵਾਧਾ ਕਰ ਦਿੱਤਾ ਸੀ। ਜੋ ਬੀਤੀ 26 ਜਨਵਰੀ ਸਵੇਰੇ ਤੜਕੇ ਤੋਂ ਹੀ ਸਰਕਾਰੀ ਅਤੇ ਪ੍ਰਾਈਵੇਟ ਬੱਸ ਚਾਲਕਾਂ ਵੱਲੋਂ ਅਮਲ ਵਿੱਚ ਲਿਆਉਣਾ ਸ਼ੁਰੂ ਕਰ ਦਿੱਤਾ ਗਿਆ। ਇਸ ਕਮੇਟੀ ਨੇ ਪੰਜਾਬ ਸਰਕਾਰ ਨੂੰ 13 ਫੀਸਦੀ ਬੱਸ ਕਿਰਾਏ ਭਾੜੇ ਵਿੱਚ ਵਾਧਾ ਕਰਨ ਦੀ ਸਿਫਾਰਸ਼ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਕਿਰਾਏ ਭਾੜੇ ਵਿੱਚ ਵਾਧਾ ਕਰਨ ਦਾ ਕਰ ਦਿੱਤਾ ਹੈ, ਜਿਸ ਮੁਤਾਬਿਕ ਟਰਾਂਸਪੋਰਟ ਵਿਭਾਗ ਵੱਲੋਂ 7 ਪੈਸੇ ਪ੍ਰਤੀ ਕਿਲੋਮੀਟਰ ਦਾ ਵਾਧਾ ਕੀਤਾ ਹੈ। ਟਰਾਂਸਪੋਰਟ ਵਿਭਾਗ, ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਇਸ ਸਮੇਂ 49 ਪੈਸੇ ਪ੍ਰਤੀ ਕਿਲੋਮੀਟਰ ਕਿਰਾਇਆ ਮੁਸਾਫਰਾਂ ਪਾਸੋਂ ਵਸੂਲਿਆ ਜਾ ਰਿਹਾ ਹੈ। ਜਦੋਂ ਕਿ 7 ਪੈਸੇ ਪ੍ਰਤੀ ਕਿਲੋਮੀਟਰ ਬੱਸ ਕਿਰਾਇਆ ਭਾੜਾ ਵਧਣ ਨਾਲ ਇਹ ਹੁਣ ਟਰਾਂਸਪੋਰਟ ਵਿਭਾਗ ਨੇ ਮੁਸਾਫਰਾਂ ਤੋਂ 57 ਪੈਸੇ ਪ੍ਰਤੀ ਕਿਲੋਮੀਟਰ ਵਸੂਲਣਾ 26 ਜਨਵਰੀ ਤੋਂ ਸ਼ੁਰੂ ਕਰ ਦਿੱਤਾ ਹੈ। ਹੁਣ ਚੰਡੀਗੜ੍ਹ ਤੋਂ ਲੁਧਿਆਣਾ ਦਾ ਕਿਰਾਇਆ 50 ਰੁਪਏ ਤੋਂ ਵਧਾ ਕੇ 57 ਰੁਪਏ ਕਰ ਦਿੱਤਾ ਹੈ, ਜਦੋਂ ਕਿ ਏ.ਸੀ. ਬੱਸ ਦਾ ਕਿਰਾਇਆ ਜੋ ਚੰਡੀਗੜ੍ਹ ਤੋਂ ਲੁਧਿਆਣਾ ਦਾ 60 ਰੁਪਏ ਸੀ ਵਧਾ ਕੇ 70 ਰੁਪਏ ਕਰ ਦਿੱਤਾ ਹੈ। ਇਸ ਤਰ੍ਹਾਂ ਕਈ ਜਗ੍ਹਾ ਕਿਰਾਇਆ ਵਧਾਉਣ ਨਾਲ ਰਾਊਂਡ ਫਿਗਰ ਨਹੀਂ ਬਣਦੀ ਹੈ। ਹੁਣ ਚੰਡੀਗੜ੍ਹ ਤੋਂ ਮੋਰਿੰਡਾ ਦਾ ਕਿਰਾਇਆ 21 ਰੁਪਏ ਬਣਦਾ ਹੈ, ਜਦੋਂ ਕਿ ਪ੍ਰਾਈਵੇਟ ਬੱਸਾਂ ਵਾਲੇ 20 ਰੁਪਏ ਹੀ ਵਸੂਲ ਰਹੇ ਹਨ। ਕਈ ਜਗ੍ਹਾ 'ਤੇ ਪ੍ਰਾਈਵੇਟ ਨਿੱਜੀ ਬੱਸਾਂ ਵਾਲੇ ਨਿਸ਼ਚਿਤ ਕਿਰਾਏ ਤੋਂ ਘੱਟ ਕਿਰਾਇਆ ਵਸੂਲ ਰਹੇ ਹਨ। ਜਿਸ ਨਾਲ ਰੋਡਵੇਜ਼ ਤੇ ਪੈਪਸੂ ਰੋਡਵੇਜ਼ ਨੂੰ ਭਾਰੀ ਘਾਟਾ ਪੈ ਰਿਹਾ ਹੈ। ਮੁਸਾਫਰ ਪ੍ਰਾਈਵੇਟ ਬੱਸਾਂ ਵਿੱਚ ਸਫਰ ਕਰਨ ਨੂੰ ਤਰਜੀਹ ਦੇ ਰਹੇ ਹਨ।

ਅੱਗ ਦੀ ਲਪੇਟ ਵਿੱਚ ਆ ਕੇ 7 ਪਸ਼ੂ ਗੰਭੀਰ ਜ਼ਖਮੀ

ਨੂਰਪੁਰ ਬੇਦੀ, 27 ਜਨਵਰੀ (ਪੱਤਰ ਪ੍ਰੇਰਕ)–ਇਲਾਕੇ ਦੀ ਪਿੰਡ ਕਢਵਾਂ ਵਿੱਚ ਬੀਤੀ ਰਾਤ ਭਿਆਨਕ ਅੱਗ ਦੀ ਲਪੇਟ ਵਿੱਚ ਆ ਕੇ ਸੱਤ ਪਸ਼ੂਆਂ ਦਾ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉਕਤ ਘਟਨਾ ਰਾਤ ਕਰੀਬ 10.30 ਵਜੇ ਹੋਈ ਭਾਵੇਂ ਕਿ ਅੱਗ ਲੱਗਣ ਦੇ ਕਾਰਨ ਦਾ ਕੋਈ ਪਤਾ ਨਾ ਲੱਗ ਸਕਿਆ, ਪ੍ਰੰਤੂ ਘਰ ਦੇ ਮਾਲਕ ਰਾਮਲੋਕ ਸੈਣੀ ਨੂੰ ਇਸ ਘਟਨਾ ਦਾ ਉਦੋਂ ਪਤਾ ਲੱਗਿਆ ਜਦੋਂ ਉਸ ਨੇ ਮੱਝਾਂ ਵਾਲੇ ਕਮਰੇ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਦੇਖੀਆਂ ਉਸ ਦੇ ਡਰਾਈਵਰ ਨੇ ਪਿੰਡ ਦੇ ਲੋਕਾਂ ਉੱਚੀ-ਉੱਚੀ ਅਵਾਜ਼ਾਂ ਵੀ ਮਾਰੀਆਂ, ਪਰ ਘਰ ਪਿੰਡ ਦੀ ਫਿਰਨੀ ਤੋਂ ਬਾਹਰ ਹੋਣ ਕਾਰਨ ਕਿਸੇ ਨੂੰ ਪਤਾ ਨਾ ਲੱਗ ਸਕਿਆ। ਪੀੜਤ ਪਰਿਵਾਰ ਇਕੱਲਾ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਵਿੱਚ ਲੱਗਿਆ ਰਿਹਾ ਅਤੇ ਲੰਮੇ ਸਮੇਂ ਬਾਅਦ ਜਦੋਂ ਅੱਗ ਬੁਝਾਉਣ ਵਿੱਚ ਸਫਲ ਹੋਇਆ ਤਾਂ ਉਸ ਦੇ ਚਾਰ ਪਸ਼ੂ ਜਿਨ੍ਹਾਂ 'ਚ ਦੋ ਸੂਣ ਵਾਲੀਆਂ ਮੱਝਾਂ, ਗਊ ਤੇ ਬਲਦ ਨੂੰ ਬੁਰੀ ਤਰ੍ਹਾਂ ਝੁਲਸੇ ਗਏ। ਇਸ ਪਰਿਵਾਰ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਵੀ ਉਕਤ ਘਰ ਵਿੱਚ ਕਈ ਵਾਰ ਅੱਗ ਲੱਗਣ ਨਾਲ ਨੁਕਸਾਨ ਹੋ ਚੁੱਕਾ ਹੈ। ਪਿੰਡ ਕਮਵਾਂ ਦੇ ਸਰਪੰਚ ਇਕਬਾਲ ਸਿੰਘ ਵਾਲੀਆ ਤੇ ਮਹਿੰਦਰ ਸਿੰਘ ਸੈਣੀ, ਸਰਵਣ ਸਿੰਘ ਸੈਣੀ, ਹਰਵਿੰਦਰ ਸਿੰਘ ਵਾਲੀਆ, ਜੱਗਾ ਸਿੰਘ ਫੌਜੀ, ਪੰਡਿਤ ਨਰਿੰਦਰ ਸ਼ਰਮਾ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਪੀੜਤ ਕਿਸਾਨ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

ਜਨਮ ਦਿਹਾੜਾ ਮਨਾਇਆ

ਸ਼ਾਹਪੁਰ ਕੰਢੀ, 27 ਜਨਵਰੀ (ਜੰਡੀਰ)–ਸਰਕਾਰੀ ਕਾਲੋਨੀ ਕਪਤਾਨ ਸਿੰਘ ਛੀਨਾ ਦੇ ਸਪੁੱਤਰ ਅਰਪਨ ਅਪਾਰ ਸਿੰਘ ਛੀਨਾ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ । ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ। ਕੁਲਦੀਪ ਸਿੰਘ ਇੰਗਲੈਂਡ ਵਾਲੇ ਜਥੇ ਨੇ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਰਦਾਸ ਤੋਂ ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਦਿਨੇਸ਼ ਸਿੰਘ ਬੱਬੂ ਐੱਮ.ਐੱਲ.ਏ. ਹਲਕਾ ਸੁਜਾਨਪੁਰ,ਰਾਵਣ ਘਈ ਚੇਅਰਮੈਨ ਮਾਰਕੀਟ ਕਮੇਟੀ, ਨਰਿੰਦਰ ਸਿੰਘ ਸੱਗੂ ਜਨਰਲ ਸਕੱਤਰ ਸਟੇਟ ਆਰ.ਐੱਸ.ਡੀ, ਹਰਮੇਸ਼ ਸਿੰਘ ਮੇਜਾ ਪ੍ਰਧਾਨ ਇੰਟਕ ਮਜ਼ਦੂਰ ਯੂਨੀਅਨ, ਹਰਦੇਵ ਸਿੰਘ ਦੇਬੀ ਪ੍ਰਧਾਨ ਕਰਮਚਾਰੀ ਦਲ, ਪ੍ਰਗਟ ਸਿੰਘ ਏ.ਟੀ., ਦਵਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਪੀ.ਸੀ. ਭਿੰਡਰ ਉੱਪ ਮੰਡਲ ਅਫਸਰ, ਗੁਰਨਾਮ ਸਿੰਘ, ਹਰਜੀਤ ਸਿੰਘ, ਲਖਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਆਰ.ਐੱਸ.ਡੀ. ਪਵਨ ਕੁਮਾਰ ਗੈਸੂ ਪ੍ਰਧਾਨ ਵਪਾਰੀ ਮੰਡਲ ਅਤੇ ਸਵਰਨ ਸਿੰਘ ਮੁਨਸ਼ੀ ਹਾਜ਼ਰ ਸਨ।

ਜਲੰਧਰ ਗਣਤੰਤਰਾ ਦਿਵਸ ਮਨਾਇਆ

ਜਲੰਧਰ, 27 ਜਨਵਰੀ (ਇਕਬਾਲ ਸਿੰਘ ਉੱਭੀ)–ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿੱਚ ਬ੍ਰਹਮਪੁਰਾ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ ਅਤੇ ਪਰੇਡ ਤੋਂ ਸਲਾਮੀ ਲਈ। ਇਸ ਪਰੇਡ ਵਿੱਚ ਬੀ.ਐੱਸ.ਐੱਫ. ਸੀ.ਆਰ.ਪੀ. ਐੱਫ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਸਕੂਲ ਦੇ ਬੱਚਿਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਵਿਕਾਸ ਨੂੰ ਦਰਸਾਉਂਦੀਆਂ ਝਕੀਆਂ ਵੀ ਦੇਖਣਯੋਗ ਸਨ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮਪੁਰਾ, ਕੈਪਟਨ ਓਮ ਪ੍ਰਕਾਸ਼, ਸ੍ਰੀ ਪ੍ਰੇਮ ਸਾਗਰ, ਕੇਦਾਰ ਨਾਥ ਆਰੀਆ ਸਮੇਤ ਅਜ਼ਾਦੀ ਘੁਲਾਟੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਜ਼ਰੂਰਤਮੰਦਾਂ ਨੂੰ ਸਿਲਾਈ ਮਸ਼ੀਨਾਂ ਅਤੇ ਅਪਾਹਿਜ਼ ਵਿਅਕਤੀਆਂ ਨੂੰ ਟਰਾਈ ਸਾਈਕਲਾਂ ਦਿੱਤੀਆਂ ਗਈਆਂ।

ਰਾਜਪੁਰਾ ਵਿਖੇ 1200 ਏਕੜ ਰਕਬੇ...

ਸਫਾ 1 ਦੀ ਬਾਕੀ

3840 ਮੈਗਾਵਾਟ ਦੀ ਸਮਰਥਾ ਵਾਲੇ 3 ਨਵੇ ਥਰਮਲ ਪਲਾਂਟ ਤਲਵੰਡੀ ਸਬੋ, ਗੋਇੰਦਵਾਲ ਅਤੇ ਰਾਜਪੁਰਾ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜਿੰਨਾਂ ਦੇ ਮੁਕੰਮਲ ਹੋਣ ਨਾਲ ਪੰਜਾਬ ਬਿਜਲੀ ਪੱਖੋ ਆਤਮ ਨਿਰਭਰ ਸੂਬਾ ਬਣ ਜਾਵੇਗਾ। ਉਹਨਾਂ ਪਿਛਲੀ ਕਾਂਗਰਸ ਸਰਕਾਰ ਤੇ ਦੋਸ਼ ਲਗਾਉਦਿਆਂ ਕਿਹਾ ਕਿ ਪਿਛਲੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਰਾਜ ਵਿਚ ਇਕ ਵੀ ਯੂਨਿਟ ਬਿਜਲੀ ਪੈਦਾ ਕਰਨ ਦਾ ਯਤਨ ਨਹੀ ਕੀਤਾ। ਉਹਨਾ ਕਿਹਾ ਕਿ ਪੰਜਾਬ ਸਰਕਾਰ ਰਾਜ ਵਿਚ ਉਦਯੋਗਾਂ ਨੂੰ ਪਰਫੁੱਲਤ ਕਰਨ ਅਤੇ ਪਹਿਲਾਂ ਹੀ ਲਗੇ ਹੋਏ ਉਦਯੋਗਾਂ ਨੂੰ ਸੁਰੱਖਿਅਤ ਕਰਨ ਲਈ ਵਚਨਬੱਧ ਹੈ। ਉਹਨਾ ਕਿਹਾ ਕਿ ਰਾਜ ਵਲੋ ਨਵੀ ਉਦਯੋਗਿਕ ਨੀਤੀ ਲਾਗੂ ਕਰ ਦਿੱਤੀ ਗਈ ਹੈ। ਸ਼੍ਰੀ ਕਾਲੀਆ ਨੇ ਕੇਂਦਰ ਸਰਕਾਰ ਤੇ ਦੋਸ਼ ਲਗਾਉਦਿਆਂ ਕਿਹਾ ਕਿ ਹੁੱਣ ਦੋਬਾਰਾ ਕੇਦਰ ਫਿਰ ਹਿਮਾਚਲ ਪ੍ਰਦੇਸ਼ ਨੂੰ ਰਿਆਇਤਾਂ ਦੇਣ ਜਾ ਰਹੀ ਹੈ ਜਿਹੜੀਆਂ ਕਿ 31 ਮਾਰਚ, 2010 ਨੂੰ ਖਤਮ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਨੂੰ ਇਹਨਾਂ ਸਹੂਲਤਾਂ ਤੋ ਵਾਝਾਂ ਕਿਉ ਰੱਖਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੇਦਰ ਵਲੋ ਇਹਨਾਂ ਸੂਬਿਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨਾਲ ਪੰਜਾਬ ਦੀ ਇੰਡਸਟਰੀ ਤੇ ਬਹੁਤ ਮਾੜਾ ਅਸਰ ਪੈਦਾ ਹੈ। ਉਹਨਾਂ ਕੇਦਰ ਸਰਕਾਰ ਨੂੰ ਕਿਹਾ ਕਿ ਕੇਦਰੀ ਸਰਕਾਰ ਨੂੰ ਰਾਜਾਂ ਦੇ ਕੁਦਰਤੀ ਸੋਮਿਆਂ ਨੂੰ ਮੁੱਖ ਰੱਖ ਕੇ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ਅਤੇ ਇਸ ਮੰਤਵ ਲਈ ਕੇਦਰ ਵਲੋ ਇਕ ਬਲਿਊ ਪ੍ਰਿੰਟ ਤਿਆਰ ਕਰਨਾ ਚਾਹੀਦਾ ਹੈ। ਉਹਨਾ ਕਿਹਾ ਕਿ ਜੇਕਰ ਕੇਦਰ ਸਰਕਾਰ ਹਿਮਾਚਲ ਪ੍ਰਦੇਸ਼ ਨੂੰ ਹਾਈਡਲ ਪਾਵਰ ਪ੍ਰਾਜੈਕਟ ਲਗਾਉਣ ਤੇ ਰਿਆਇਤਾਂ ਦਿੰਦੀ ਹੈ, ਤਾਂ ਪੰਜਾਬ ਸਰਕਾਰ ਨੂੰ ਇਸ ਤੇ ਕੋਈ ਇਤਰਾਜ ਨਹੀ, ਸਗੋ ਪੰਜਾਬ ਹਿਮਾਚਲ ਤੋ ਵਾਧੂ ਪੈਦਾ ਹੋਣ ਵਾਲੀ ਬਿਜਲੀ ਹਾਸਲ ਕਰ ਸਕੇਗਾ। ਉਹਨਾ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਦੇ ਨਾਤੇ ਕੇਦਰ ਨੂੰ ਪੰਜਾਬ ਵਿਚ ਐਗਰੋ ਅਧਾਰਤ ਉਦਯੋਗ ਲਗਾਉਣ ਵਿਸ਼ੇਸ਼ ਰਿਆਇਤਾਂ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ।

ਸ਼੍ਰੀ ਕਾਲੀਆ ਨੇ ਕਿਹਾ ਕਿ ਕੇਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਮਹਿੰਗਾਈ ਆਪਣੀ ਚਰਮ ਸੀਮਾ ਤੇ ਪੁੱਜ ਗਈਅ ਹੈ। ਉਹਨਾ ਕਿਹਾ ਕਿ ਹਮੇਸ਼ਾਂ ਕਾਂਗਰਸੀ ਸਰਕਾਰਾਂ ਸਮੇ ਹੀ ਮਹਿੰਗਾਈ ਵਧੀ ਹੈ, ਜਦ ਕਿ ਕੇਦਰ ਵਿਚ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸਮੇ ਮਹਿੰਗਾਈ ਤੇ ਪੂਰੀ ਤਰ੍ਹਾਂ ਕਾਬੂ ਰਿਹਾ ਹੈ। ਇਸ ਮੌਕੇ ਤੇ ਸ਼੍ਰੀ ਬਲਰਾਮਜੀ ਦਾਸ ਟੰਡਨ, ਸ਼੍ਰੀ ਸਤੀਸ਼ ਢਾਂਡਾ ਵਾਈਸ ਚੇਅਰਮੈਨ ਮੀਡੀਅਮ ਇੰਡਸਟਰੀ ਬੋਰਡ ਪੰਜਾਬ, ਅਪੈਕਸ ਚੈਬਰ ਆਫ ਕਮੱਰਸ ਐਡ ਇੰਡਸਟਰੀ ਦੇ ਪ੍ਰਧਾਨ ਸ਼੍ਰੀ ਪੀ.ਡੀ.ਸ਼ਰਮਾ, ਸ਼੍ਰੀ ਅਸ਼ੋਕ ਜੁਨੇਜਾ ਚੇਅਰਮੈਨ ਇੰਮਪਰੂਵਮੈਂਟ ਟ੍ਰੱਸਟ ਲੁਧਿਆਣਾ, ਸ਼੍ਰੀ ਕੇ.ਕੇ. ਗਰਗ, ਸ਼੍ਰੀ ਰਜਨੀਸ ਆਹੂਜਾ, ਸ਼੍ਰੀ ਰਮੇਸ਼ ਗੋਇਲ, ਸ਼੍ਰੀ ਕੇ.ਕੇ. ਸੇਠ ਨੇ ਵੀ ਉਦਯੋਗਪਤੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਮੰਤਰੀ ਨੂੰ ਜਾਣੂ ਕਰਵਾਇਆ।

ਅਯੋਗ, ਰਿਸ਼ਵਤਖੋਰ ਕਰਮਚਾਰੀਆਂ...

ਸਫਾ 1 ਦੀ ਬਾਕੀ

ਤੰਤਰ ਵਿੱਚ ਕੋਈ ਸਥਾਨ ਨਹੀਂ ਹੈ। ਸ੍ਰੀ ਬਾਦਲ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਮੁਖੀਆਂ ਦੀ ਮਹੀਨਾਵਾਰ ਪ੍ਰਸੰਸਾ ਦੀ ਤਰਜ ਤੇ ਰਾਜ ਸਰਕਾਰ ਵੱਲੋਂ ਛੇਤੀ ਹੀ ਸਿਵਲ ਅਧਿਕਾਰੀਆਂ ਲਈ ਵੀ ਇਹ ਸਕੀਮ ਸ਼ੁਰੂ ਕੀਤੀ ਜਾਵੇਗੀ। ਅਧਿਕਾਰੀਆਂ ਨੂੰ ਕੁੜੀ ਚੇਤਾਵਨੀ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਸਰਕਾਰੀ ਤੰਤਰ ਵਿੱਚ ਬਹਾਨੇਬਾਜ਼ੀ ਜਾਂ ਕੁਤਾਹੀ ਲਈ ਕੋਈ ਸਥਾਨ ਨਹੀਂ ਹੈ ਕਿਉਂਕਿ ਰਾਜ ਸਰਕਾਰ 'ਕਰੋ ਜਾਂ ਮਰੋ' ਦੇ ਨਾਅਰੇ ਅਧੀਨ ਕੰਮ ਕਰ ਰਹੀ ਹੈ। ਵੱਧ ਰਹੀਆਂ ਕੀਮਤਾਂ ਉਤੇ ਡੂੰਘੀ ਚਿੰਤਾ ਪ੍ਰਗਟਾਉਂਦਿਆ ਸ੍ਰੀ ਬਾਦਲ ਨੇ ਕਿਹਾ ਕਿ ਰਾਜ ਵਿੱਚ ਖੰਡ ਅਤੇ ਦਾਲਾਂ ਦੀਆਂ ਕੀਮਤਾਂ ਵਿੱਚ ਕਈ ਗੁਣਾ ਵਾਧੇ ਲਈ ਯੂ.ਪੀ.ਏ. ਸਰਕਾਰ ਹੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਜ਼ਰੂਰੀ ਵਸਤਾਂ ਦੀ ਅਯਾਤ ਅਤੇ ਨਿਰਯਾਤ ਨੂੰ ਯੋਜਨਾਬੱਧ ਢੰਗ ਨਾਲ ਟਾਲਣ ਤੋਂ ਇਲਾਵਾ ਭਵਿੱਖ ਦੀ ਵਪਾਰਕ ਲੋਬੀ ਵੀ ਪਿਛਲੇ 6 ਮਹੀਨਿਆਂ ਦੌਰਾਨ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਹੋ ਰਹੇ ਇਤਿਹਾਸਕ ਵਾਧੇ ਲਈ ਜ਼ਿੰਮੇਵਾਰ ਹੈ। ਸ੍ਰੀ ਬਾਦਲ ਨੇ ਕਿਹਾ ਕਿ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜੋ ਜ਼ਰੂਰੀ ਵਸਤਾਂ ਦੀ ਫਿਊਚਰ ਟਰੇਡਿੰਗ ਦੀ ਆਗਿਆ ਦਿੰਦਾ ਹੈ ਜਿਸ ਨਾਲ ਵਪਾਰੀਆਂ ਵੱਲੋਂ ਬਣਾਵਟੀ ਥੁੜ ਪੈਦਾ ਕਰਕੇ ਕੀਮਤਾਂ ਵਿੱਚ ਮਨਚਾਹਿਆ ਵਾਧਾ ਕਰਨ ਦਾ ਮੌਕਾ ਮਿਲਦਾ ਹੈ। ਉਪ ਮੁੱਖ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਬੰਧਨ ਸਰਕਾਰ ਦੇਸ਼ ਵਿੱਚ ਇਕ ਅਜਿਹੀ ਸਰਕਾਰ ਹੈ ਜੋ ਲੋਕਾਂ ਨੂੰ 700 ਕਰੋੜ ਰੁਪਏ ਸਾਲਾਨਾ ਖਰਚ ਕਰਕੇ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲਾਂ ਉਪਲਬੱਧ ਕਰਵਾ ਰਹੀ ਹੈ ਅਤੇ ਇਸ ਤੋਂ ਰਾਜ ਵਿੱਚ 13 ਲੱਖ ਪਰਿਵਾਰ ਲਾਭ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਮੱਧ ਵਰਗੀ ਪਰਿਵਾਰਾਂ ਨੂੰ ਰਾਹਤ ਪਹੁੰਚਾਉਣ ਲਈ ਸਰਕਾਰ ਵੱਲੋਂ ਉਨ੍ਹਾਂ ਨੂੰ 12 ਰੁਪਏ ਕਿਲੋ ਦੀ ਦਰ ਕਣਕ ਦਾ ਆਟਾ ਉਪਲਬੱਧ ਕਰਵਾਉਣ ਲਈ ਇਕ ਠੋਸ ਸਕੀਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਰਾਸ਼ਨ ਡੀਪੂ ਹੋਲਡਰਾਂ ਦੇ ਲਾਇੰਸਸ ਰੱਦ ਕਰ ਦਿੱਤੇ ਜਾਣਗੇ ਜੋ ਖੁੱਲ੍ਹੀ ਮਾਰਕੀਟ ਵਿੱਚ ਡੀਪੂਆਂ ਤੇ ਮਿਲਣ ਵਾਲਾ ਰਾਸ਼ਨ ਵੇਚ ਦਿੰਦੇ ਹਨ। ਸ੍ਰੀ ਬਾਦਲ ਨੇ ਤੱਸਲੀ ਪ੍ਰਗਾਈ ਕਿ ਖਾਲਸਾ ਕਾਲਜ ਰੇਲਵੇ ਓਵਰ ਬ੍ਰਿਜ 31 ਮਾਰਚ 2010 ਤੱਕ ਮੁਕੰਮਲ ਕਰ ਲਿਆ ਜਾਵੇਗਾ। ਮਕਸੂਦਾ ਓਵਰ ਬ੍ਰਿਜ ਮਾਰਚ 9 ਮਹੀਨਿਆਂ ਦੇ ਅੰਦਰ ਅੰਦਰ ਪੂਰਾ ਕਰ ਲਿਆ ਜਾਵੇਗਾ। ਦਮੋਰੀਆ ਓਵਰ ਬ੍ਰਿਜ 2011 ਤੱਕ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਹੋਰਨਾ ਤੋਂ ਇਲਾਵਾ ਅਵਿਨਾਸ਼ ਚੰਦਰ ਮੁੱਖ ਸੰਸਦੀ ਸਕੱਤਰ, ਸ. ਸਰਬਜੀਤ ਸਿੰਘ ਮੱਕੜ ਵਿਧਾਇਕ ਆਦਮਪੁਰ, ਜ. ਜਗਬੀਰ ਸਿੰਘ ਬਰਾੜ ਵਿਧਾਇਕ ਜਲੰਧਰ ਛਾਉਣੀ, ਭਗਤ ਚੂੰਨੀ ਲਾਲ ਵਿਧਾਇਕ ਜਲੰਧਰ ਦੱਖਣੀ, ਸ੍ਰੀ ਕੇ.ਡੀ. ਭੰਡਾਰੀ ਵਿਧਾਇਕ ਜਲੰਧਰ ਉੱਤਰੀ, ਸ੍ਰੀਮਤੀ ਗੁਰਦੇਵ ਕੌਰ ਸੰਘਾ ਚੇਅਰਪਰਸਨ ਪੰਜਾਬ ਮਹਿਲਾ ਕਮਿਸ਼ਨ, ਸ. ਅਜੀਤ ਸਿੰਘ ਪੰਨੂੰ ਡਿਪਟੀ ਕਮਿਸ਼ਨਰ, ਸ੍ਰੀ ਆਰ. ਕੇ ਜਾਇਸਵਾਲ ਐਸ.ਐਸ. ਪੀ., ਸ੍ਰੀ ਪ੍ਰਵੀਨ ਕੁਮਾਰ ਮੁੱਖ ਪ੍ਰਸ਼ਾਸਕ ਜੇ.ਡੀ.ਏ., ਸ੍ਰੀ ਜੀ.ਐਸ. ਖਹਿਰਾ ਏ.ਡੀ.ਸੀ. (ਜਨਰਲ), ਸ੍ਰੀਮਤੀ ਸਰਜਨੀ ਗੌਤਮ ਸ਼ਾਰਦਾ ਏ.ਡੀ.ਸੀ. (ਵਿਕਾਸ), ਸ੍ਰੀ ਵਿਨੈ ਬੁਬਲਾਨੀ ਕਮਿਸ਼ਨਰ ਨਗਰ ਨਿਗਮ, ਸ. ਮਾਹਲਾ ਸਿੰਘ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਸ.ਗੁਰਚਰਨ ਸਿੰਘ ਚੰਨੀ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਸ੍ਰੀ ਪਰਮਜੀਤ ਸਿੰਘ ਰਾਏਪੁਰ ਚੇਅਰਮੈਨ ਮਾਰਕੀਟ ਕਮੇਟੀ ਅਤੇ ਦਰਸ਼ਨ ਲਾਲ ਜੇਠੂਮਜਾਰਾ ਮੈਂਬਰ ਐਸ.ਐਸ. ਬੋਰਡ, ਸ੍ਰੀ ਦਿਲਬਾਗ ਹੁਸੈਨ ਮੈਂਬਰ ਪੰਜਾਬ ਵਕਫ ਬੋਰਡ ਅਤੇ ਹੋਰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਤੇ ਹੋਰ ਅਧਿਕਾਰੀ ਵੀ ਇਸ ਮੌਕੇ 'ਤੇ ਹਾਜ਼ਰ ਸਨ।

ਨਵੀਂ ਮੀਡੀਆ ਪਾਲਿਸੀ ਵਿਸਾਖੀ ਤੋਂ...

ਸਫਾ 1 ਦੀ ਬਾਕੀ

ਪਾਰਟੀ ਦੀ ਸਰਕਾਰ ਵੱਲੋਂ ਐਕਰੀਡੇਸ਼ਨ ਕਮੇਟੀ ਦਾ ਗਠਨ ਹੀ ਨਹੀਂ ਕੀਤਾ ਗਿਆ ਅਤੇ ਜਿਸ ਨਾਲ ਪੱਤਰਕਾਰਾਂ ਦੀ ਐਕਰੀਡੇਸ਼ਨ ਦਾ ਕੰਮ ਵੀ ਪੂਰੀ ਪਾਰਦਰਸ਼ਤਾ ਨਾਲ ਨਹੀਂ ਹੋ ਸਕਿਆ। ਉਹਨਾਂ ਹੋਰ ਕਿਹਾ ਕਿ ਵਿਭਾਗ ਵੱਲੋਂ ਵਰਕਿੰਗ ਜਰਨਲਿਸਟਾਂ ਨੂੰ ਇਸ ਸਾਲ ਲਈ ਜਲਦੀ ਹੀ ਸਨਾਖਤੀ ਕਾਰਡ ਜਾਰੀ ਕਰਨ ਦਾ ਕੰਮ ਸ਼ੁਰੂ ਹੋ ਜਾਵੇਗਾ । ਉਹਨਾਂ ਕਿਹਾ ਕਿ ਇਹ ਕਾਰਡ ਬਣਾਉਣ ਲਈ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ ਰਾਹੀਂ ਬਣਾਉਣ ਨੂੰ ਗੰਭੀਰਤਾ ਨਾਲ ਵਿਚਾਰਿਆਂ ਜਾ ਰਿਹਾ ਹੈ ਤਾਂ ਜੋ ਪੱਤਰਕਾਰਾਂ ਦੇ ਸਨਾਖਤੀ ਕਾਰਡ ਜਲਦੀ ਬਣ ਸਕਣ। ਸ੍ਰ: ਸੇਖਵਾਂ ਨੇ ਦੱਸਿਆ ਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ ਸਰਕਾਰ ਦਾ ਅਹਿਮ ਵਿਭਾਗ ਹੈ ਇਸ ਵਿਭਾਗ ਵਿੱਚ ਹੇਠਲੇ ਪੱਧਰ ਤੱਕ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਜ਼ਿਲ੍ਹਾ ਲੋਕ ਸੰਪਰਕ ਦਫ਼ਤਰਾਂ ਨੂੰ ਅਧੁਨਿਕ ਸਹੂਲਤਾ ਮੁਹੱਈਆਂ ਕਰਵਾਈਆ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਵਿਭਾਗ ਨੇ 11 ਏ.ਸੀ. ਬਲੈਰੋ ਗੱਡੀਆਂ ਖਰੀਦਣ ਦਾ ਕੰਮ ਮੁਕੰਮਲ ਕਰ ਲਿਆ ਹੈ ਅਤੇ ਇਹ ਗੱਡੀਆਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ ਨੂੰ ਦਿੱਤੀਆਂ ਜਾਣਗੀਆਂ ਇਸ ਤੋਂ ਇਲਾਵਾ ਵੱਡਿਆਂ ਜ਼ਿਲ੍ਹਿਆਂ ਨੂੰ ਇੱਕ- ਇੱਕ ਹੋਰ ਵੱਡੀ ਗੱਡੀ ਵੀ ਦਿੱਤੀ ਜਾਵੇਗੀ। ਸ੍ਰ: ਸੇਖਵਾਂ ਨੇ ਦੱਸਿਆ ਕਿ ਵਿਭਾਗ ਵਿੱਚ ਲੋਕ ਸੰਪਰਕ ਅਫ਼ਸਰਾਂ ਅਤੇ ਸਹਾਇਕ ਲੋਕ ਅਫ਼ਸਰਾਂ ਦੀ ਭਰਤੀ ਕਰਨ ਦੀ ਪ੍ਰਕ੍ਰਿਆਂ ਸ਼ੁਰੂ ਹੋ ਚੁੱਕੀ ਹੈ ਇਹ ਅਸਾਮੀਆਂ ਜਲਦੀ ਹੀ ਭਰੀਆਂ ਜਾਣਗੀਆਂ । ਸ੍ਰ: ਸੇਖਵਾਂ ਨੇ ਦੱਸਿਆ ਕਿ ਵਿਭਾਗ ਇੰਡੀਆਂ ਟੂਡੇ ਦੀ ਤਰਜ਼ ਤੇ ਪੰਜਾਬੀ ਵਿੱਚ ਮੈਗਜ਼ੀਨ ਪ੍ਰਕਾਸ਼ਿਤ ਕਰੇਗਾ। ਇਹ ਮੈਗਜ਼ੀਨ ਸਰਕਾਰ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਹੋਰ ਸਾਹਿਤਕ, ਸਭਿਆਚਾਰਕ, ਸਰਗਰਮੀਆਂ ਦੇ ਨਾਲ- ਨਾਲ ਮਿਆਰੀ ਸਾਹਿਤ ਨਾਲ ਭਰਪੂਰ ਹੋਵੇਗਾ ਤਾਂ ਜੋ ਲੋਕ ਇਸ ਮੈਗਜ਼ੀਨ ਨੂੰ ਪੂਰੀ ਦਿਲਚਸਪੀ ਨਾਲ ਪੜ੍ਹਨ ਅਤੇ ਇਸ ਨੂੰ ਸਟਾਲਾਂ ਤੇ ਵੇਚਿਆ ਜਾਵੇਗਾ ਅਤੇ ਇਹ ਇਕ ਮਿਆਰੀ ਮੈਗਜ਼ੀਨ ਹੋਵੇਗਾ । ਇਸ ਤੋਂ ਪਹਿਲਾਂ ਮੋਹਾਲੀ ਪ੍ਰੈਸ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਨੇ ਸ੍ਰ: ਸੇਖਵਾਂ ਦਾ ਕਲੱਬ ਵਿੱਚ ਪੁੱਜਣ ਤੇ ਨਿੱਘਾ ਸੁਆਗਤ ਕੀਤਾ ਉਹਨਾਂ ਪ੍ਰੈਸ ਕਲੱਬ ਨੂੰ ਢੁੱਕਵੀਂ ਥਾਂ ਦੇਣ ਦੀ ਮੰਗ ਕੀਤੀ ਅਤੇ ਉਹਨਾਂ ਨੇ ਸ੍ਰ: ਸੇਖਵਾ ਨੂੰ ਪ੍ਰੈਸ ਕਲੱਬ ਮੋਹਾਲੀ ਦੇ ਮਨਾਏ ਜਾਣ ਵਾਲੇ 16 ਫਰਵਰੀ ਨੂੰ 11ਵਾਂ ਸਥਾਪਨਾ ਦਿਵਸ ਵਿੱਚ ਸਾਮਿਲ ਹੋਣ ਦਾ ਸੱਦਾ ਦਿੱਤਾ।

ਉਹਨਾਂ ਇਸ ਮੌਕੇ ਵਰਕਿੰਗ ਜਰਨਲਿਸਟਾਂ ਨੂੰ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਵੀ ਸ੍ਰ: ਸੇਖਵਾਂ ਨੂੰ ਜਾਣੂੰ ਕਰਵਾਇਆ। ਇਸ ਮੌਕੇ ਸ੍ਰੀ ਸਰਬਜੀਤ ਸਿੰਘ ਬਾਜਵਾ ਪੀ. ਏ ਅਤੇ ਸ੍ਰੀ ਪਰਮਜੀਤ ਸਿੰਘ ਸੈਕਟਰੀ ਟੂ ਲੋਕ ਸੰਪਰਕ ਮੰਤਰੀ ਪੰਜਾਬ ਵੀ ਮੌਜੂਦ ਸਨ।

ਭਾਰਤ ਸਰਕਾਰ '47 ਮੌਕੇ ਕੀਤੇ...

ਸਫਾ 1 ਦੀ ਬਾਕੀ

ਇਹਨਾਂ ਆਗੂਆਂ ਨੇ ਕਿਹਾ ਕਿ 1947 ਵਿਚ ਸਿੱਖਾਂ ਨੂੰ ਮਜ਼ਬੂਰਨ ਹਿੰਦੁਸਤਾਨ ਵਿਚ ਰਹਿਣ ਦਾ ਫੈਸਲਾ ਲੈਣਾ ਪਿਆ ਸੀ ਅਤੇ ਓਦੋਂ ਤੋਂ ਸਿੱਖ ਭਾਰਤ ਵਿਚ ਆਪਣੀ ਪਛਾਣ ਦੀ ਲੜਾਈ (ਦਿਇਨਟਟਿ ਚਰਸਿਸਿ) ਲੜ ਰਹੇ ਹਨ। ਉਹਨਾਂ ਕਿਹਾ ਕਿ ਸਿੱਖਾਂ ਨੂੰ ਪਹਿਲਾ ਝਟਕਾ ਸੰਵਿਧਾਨ ਘੜ੍ਹਨ ਵੇਲੇ ਹੀ ਦਿੱਤਾ ਗਿਆ ਜਦੋਂ ਸਿੱਖ ਧਰਮ ਨੂੰ ਮਾਨਤਾ ਨਹੀ ਦਿੱਤੀ ਗਈ ਅਤੇ ਫੈਡਰਲ ਢਾਂਚਾ ਸਿਰਜਣ ਤੋਂ ਮੁਨਕਰ ਹੋ ਕੇ ਦੇਸ਼ ਦਾ ਕੇਂਦਰੀਕਰਨ ਕਰ ਦਿੱਤਾ ਗਿਆ। ਉਹਨਾਂ ਕਿਹਾ ਕਿ ਇਹੋ ਜਿਹੇ ਹਾਲਾਤਾਂ ਨੂੰ ਵੇਖਦਿਆਂ ਹੀ ਸੰਵਿਧਾਨ ਘੜ੍ਹਨ ਵਾਲੀ ਸਭਾ ਦੇ ਸਿੱਖ ਨੁਮਾਇੰਦਿਆਂ ਨੇ ਐਲਾਨ ਕੀਤਾ ਸੀ, 'ਸਿੱਖ ਇਸ ਸੰਵਿਧਾਨ ਨੂੰ ਸਵੀਕਾਰ ਨਹੀਂ ਕਰਦੇ, ਸਿੱਖ ਇਸ ਸੰਵਿਧਾਨ ਨੂੰ ਰੱਦ ਕਰਦੇ ਹਨ'।

ਪਾਰਟੀ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ 3 ਜਨਵਰੀ 1947 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਰਹੇ ਪੰਡਤ ਨਹਿਰੂ ਨੇ ਸਵੈ-ਨਿਰਣੇ ਦੇ ਹੱਕ ਦੀ ਪ੍ਰੋੜਤਾ ਕੀਤੀ ਸੀ। ਉਹਨਾਂ ਕਿਹਾ ਕਿ ਅਸੀਂ ਅੱਜ ਵੀ ਪੰਡਤ ਨਹਿਰੂ ਦੇ ਇਕਰਾਰ ਨੂੰ ਭਾਰਤੀ ਆਗੂਆਂ ਪਾਸੋਂ ਪੂਰਾ ਹੋਣ ਦੀ ਆਸ ਕਰਦੇ ਹਾਂ। ਉਹਨਾਂ ਕਿਹਾ ਕਿ ਸਤੰਬਰ 1915 ਵਿਚ ਅੰਗਰੇਜ਼ ਸਰਕਾਰ ਨੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜ਼ਾ ਦਿੱਤਾ ਸੀ ਪਰ 1947 ਤੋਂ ਬਾਅਦ ਕੁਰੂਕਸ਼ੇਤਰ, ਹਰਦੁਆਰ, ਰਿਸ਼ੀਕੇਸ਼, ਕਿਦਾਰਨਾਥ, ਬਦਰੀਨਾਥ, ਬਨਾਰਸ ਨੂੰ ਤਾਂ ਪਵਿੱਤਰ ਸ਼ਹਿਰ ਦਾ ਦਰਜ਼ਾ ਦਿੱਤਾ ਗਿਆ ਪਰ ਲੰਮੇ ਸੰਘਰਸ਼ ਦੇ ਬਾਵਜੂਦ ਵੀ ਅੰਮ੍ਰਿਤਸਰ ਨੂੰ ਪਵਿੱਤਰ ਨਗਰੀ ਦਾ ਦਰਜ਼ਾ ਨਾ ਦੇਕੇ ਭਾਰਤ ਦੇ ਹਾਕਮਾਂ ਨੇ ਪੱਖਪਾਤੀ ਮਾਨਸਕਿਤਾ ਦਾ ਪ੍ਰਗਟਾਵਾ ਕੀਤਾ ਹੈ।

ਯਾਦ ਪੱਤਰ ਵਿਚ ਭਾਰਤੀ ਸੰਵਿਧਾਨ ਦੀ ਧਾਰਾ 25 (2) (ਬੀ) ਨੂੰ ਖਤਮ ਕਰਨ ਉਤੇ ਜ਼ੋਰ ਦਿੰਦਿਆਂ ਆਖਿਆ ਗਿਆ ਹੈ ਕਿ ਇਹ ਧਾਰਾ ਸਿੱਖਾਂ ਦੇ ਵੱਖਰੇ ਧਰਮ ਅਤੇ ਵੱਖਰੀ ਹੋਂਦ ਹਸਤੀ ਨੂੰ ਬੁਨਿਆਦੀ ਮਾਨਤਾ ਦੇਣ ਤੋਂ ਮੁਨਕਰ ਹੈ। ਸਿੱਖ ਪਰਸਨਲ ਲਾਅ ਦੀ ਮੰਗ ਕਰਦਿਆਂ ਕਿਹਾ ਗਿਆ ਹੈ ਕਿ ਸਿੱਖਾਂ ਅਤਪਣੇ ਜਨਮ, ਮਰਨ, ਵਿਆਹ, ਗੋਦ ਲੈਣ ਸਮੇਤ ਹੋਰ ਸਾਰੇ ਕਾਰ-ਵਿਹਾਰ ਕਿਸੇ ਅਜਿਹੇ ਧਰਮ ਦੇ ਅਧੀਨ ਕਰਨੇ ਪੈਂਦੇ ਹਨ, ਜੋ ਉਹਨਾਂ ਦੇ ਬੁਨਿਆਦੀ ਵਿਸ਼ਵਾਸ਼ਾਂ ਨਾਲ ਮੇਲ ਨਹੀਂ ਖਾਂਦੇ।

ਯਾਦ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਇਹ ਬੇਨਿਯਮੀਆਂ ਬਿਨਾਂ ਕਿਸੇ ਦੇਰੀ ਤੋਂ ਬੰਦ ਹੋਣ ਅਤੇ ਭਾਰਤ ਵਿਚ ਸਿੱਖਾਂ ਲਈ ਪਾਕਿਸਤਾਨ ਵਾਂਗ ਆਨੰਦ ਮੈਰਿਜ਼ ਐਕਟ ਲਾਗੂ ਕੀਤਾ ਜਾਵੇ। ਯਾਦ ਪੱਤਰ ਵਿਚ ਪੰਜਾਬ ਦੇ ਪਾਣੀਆਂ ਅਤੇ ਇਲਾਕੇ ਸਬੰਧੀ ਕੀਤੀਆਂ ਸੰਵਿਧਾਨਕ ਉਲੰਘਣਾਵਾਂ ਦੀ ਗੱਲ ਕਰਦਿਆਂ ਆਖਿਆ ਗਿਆ ਹੈ ਕਿ ਪੰਜਾਬ ਦੇ ਦਰਿਆਈ ਪਾਣੀ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਚੰਡੀਗੜ੍ਹ ਉਤੇ ਹਰਿਆਣੇ ਦਾ ਦਾਅਵਾ 'ਪੰਜਾਬ ਪੁਨਰਗਠਨ ਐਕਟ 1966' ਦੀਆਂ ਗੈਰ-ਸੰਵਿਧਾਨਕ ਤਰਮੀਮਾਂ ਅਤੇ ਗੈਰ-ਕਾਨੂੰਨੀ ਧਾਰਾਵਾਂ ਉਤੇ ਆਧਾਰਿਤ ਹੈ। ਉਹਨਾਂ ਕਿਹਾ ਕਿ ਦਰਿਆਈ ਪਾਣੀ, ਬਿਜਲੀ, ਡੈਮ, ਰਾਜਧਾਨੀ, ਹਾਈ ਕੋਰਟ ਅਤੇ ਹੋਰ ਕਈ ਕੁਝ ਖੋਹ ਕੇ ਕੇਂਦਰ ਨੇ ਪੰਜਾਬ ਨੂੰ ਪੂਰਾ ਸੂਬਾ ਬਣਾਉਣ ਦੀ ਥਾਂ ਉਪ-ਸੂਬਾ (ਸੁਬ-ਸਟਟੲ) ਬਣਾ ਦਿੱਤਾ। ਦਲ ਖ਼ਾਲਸਾ ਆਗੂਆਂ ਨੇ ਮੰਗ ਕੀਤੀ ਕਿ ਪਾਣੀਆਂ ਦੀ ਲੁੱਟ ਬੰਦ ਕੀਤੀ ਜਾਵੇ, ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕੇ ਵਾਪਸ ਕੀਤੇ ਜਾਣ ਅਤੇ ਹਰਿਆਣਾ, ਹਿਮਾਚਲ, ਰਾਜਸਥਾਨ ਵੱਲੋਂ ਵਰਤੇ ਜਾ ਰਹੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਇਵਜ਼ ਵਜੋਂ ਪੰਜਾਬ ਨੂੰ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਵਿਚ 72 ਵਾਰ ਸੋਧ ਕੀਤੀ ਗਈ ਪਰ ਸਿੱਖ ਕੌਮ ਦੇ ਰੁਤਬੇ ਅਤੇ ਵੱਖਰੀ ਹੋਂਦ ਨੂੰ ਬਹਾਲ ਕਰਨ ਲਈ ਇੱਕ ਵਾਰ ਵੀ ਸੋਧ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਭਾਰਤ ਦੇ ਰਾਸ਼ਟਰਪਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸਿੱਖ ਚਿਹਰੇ ਵਾਲੇ ਬਣਾਏ ਜਾਣ ਦੇ ਬਾਵਜੂਦ ਸੰਵਿਧਾਨਕ ਵਿਤਕਰੇ ਬਰਕਰਾਰ ਹਨ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਉਲੰਘਣਾ ਕਰਕੇ ਸਿੱਖਾਂ ਨੂੰ ਇਨਸਾਫ ਦੇਣ ਤੋਂ ਇਨਕਾਰ ਕੀਤਾ ਗਿਆ ਅਤੇ ਪਿਛਲੇ ਸਮੇਂ ਦੌਰਾਨ ਹਜ਼ਾਰਾਂ ਸਿੱਖਾਂ ਨੂੰ ਕਤਲ ਕੀਤਾ ਗਿਆ। ਸ ਧਾਮੀ ਅਤੇ ਭਾਈ ਮੋਹਕਮ ਸਿੰਘ ਨੇ ਗੱਲਬਾਤ ਕਰਦਿਆਂ ਆਖਿਆ ਕਿ ਉਪਰੋਕਤ ਮੰਗਾਂ ਨੂੰ ਪੂਰਾ ਕਰਨ ਲਈ ਕੀਤੀਆਂ ਗਈਆਂ ਸਾਰੀਆਂ ਕਾਨੂੰਨੀ ਚਾਰਾਜੋਈਆਂ ਅਸਫਲ ਰਹੀਆਂ ਹਨ ਅਤੇ ਸਿੱਖਾਂ ਦੀਆਂ ਕੋਸ਼ਿਸ਼ਾਂ ਨੂੰ ਵੱਖਵਾਦੀ ਗਰਦਾਨ ਕੇ ਅਣਗੌਲਿਆਂ ਕੀਤਾ ਗਿਆ ਹੈ। ਉਹਨਾਂ ਕਿਹਾ ਕਿ 1984 ਮੌਕੇ ਸਿੱਖਾਂ ਨੂੰ ਨਿਰੋਲ ਧਾਰਮਿਕ ਪੱਧਰ ਉਤੇ ਅੱਤ ਦਰਜੇ ਦੀ ਜਲਾਲਤ ਅਤੇ ਤਸ਼ੱਦਦ ਝੱਲਣਾ ਪਿਆ ਹੈ। ਉਹਨਾਂ ਕਿਹਾ ਕਿ 25 ਵਰ੍ਹਿਆਂ ਤੋਂ ਹਰ ਸਾਲ ਦੇਸ਼-ਵਿਦੇਸ਼ ਦੇ ਸਿੱਖ ਭਾਰਤੀ ਸ਼ਾਸਕਾਂ ਨੂੰ ਸ਼ਰਮਸਾਰ ਕਰਨ ਲਈ ਆਵਾਜ਼ ਬੁਲੰਦ ਕਰਦੇ ਆ ਰਹੇ ਹਨ ਪਰ ਭਾਰਤੀ ਹਾਕਮਾਂ ਦੇ ਬੋਲੇ ਕੰਨਾਂ ਉਤੇ ਇਸਦਾ ਕੋਈ ਅਸਰ ਨਹੀਂ ਹੋਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲ ਖ਼ਾਲਸਾ ਦੇ ਅਹੁਦੇਦਾਰ ਡਾ: ਮਨਜਿੰਦਰ ਸਿੰਘ ਜੰਡੀ, ਸਰਬਜੀਤ ਸਿੰਘ ਘੁਮਾਣ, ਰਣਬੀਰ ਸਿੰਘ ਹੁਸ਼ਿਆਰਪੁਰ, ਸਿੱਖ ਯੂਥ ਆਫ ਪੰਜਾਬ ਦੇ ਆਗੂ ਗੁਰਪ੍ਰੀਤ ਸਿੰਘ ਮਾਨ, ਪ੍ਰਭਜੋਤ ਸਿੰਘ, ਨੋਬਲਜੀਤ ਸਿੰਘ ਆਦਿ ਵੀ ਹਾਜ਼ਰ ਸਨ।

...ਬੱਸ 1 ਮਿੰਟ

ਤਾਪਮਾਨ ਵਧਣ ਨਾਲ ਠੰਡ ਤੋਂ ਕੁਝ ਰਾਹਤ

ਚੰਡੀਗੜ੍ਹ, 27 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਪਿਛਲੇ ਕਈ ਦਿਨਾਂ ਤੋਂ ਪੈ ਰਹੀ ਕੜਾਕੇ ਦੀ ਠੰਡ ਹੁਣ ਹੌਲੀ-ਹੌਲੀ ਘਟਣੀ ਸ਼ੁਰੂ ਹੋ ਗਈ ਹੈ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਅੱਜ ਘੱਟੋ ਘੱਟ ਤਾਪਮਾਨ ਤਿੰਨ ਡਿਗਰੀ ਸੈਲਸੀਅਸ ਤੱਕ ਵਾਧਾ ਦਰਜ ਕੀਤਾ ਗਿਆ, ਜਿਸ ਨਾਲ ਲੋਕਾਂ ਨੇ ਠੰਡ ਤੋਂ ਕੁਝ ਰਾਹਤ ਮਹਿਸੂਸ ਕੀਤੀ। ਮੌਸਮ ਵਿਭਾਗ ਅਨੁਸਾਰ ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਠੰਡਾ ਸਥਾਨ ਰਿਹਾ ਇਥੇ ਤਾਪਮਾਨ 2.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਉਥੇ ਪਟਿਆਲਾ ਵਿਚ ਘੱਟੋ ਘੱਟ ਤਾਪਮਾਨ 7.0, ਲੁਧਿਆਣਾ ਵਿਚ 8.1 ਅਤੇ ਚੰਡੀਗੜ੍ਹ ਵਿਚ ਘੱਟੋ ਘੱਟ ਤਾਪਮਾਨ 7.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਦੌਰਾਨ ਮੌਸਮ ਵਿਗਿਆਨੀਆਂ ਨੇ ਅਗਲੇ ਕੁਝ ਦਿਨਾਂ ਦੌਰਾਨ ਖੇਤਰ ਦੇ ਕੁਝ ਸਥਾਨਾਂ 'ਤੇ ਗਰਜ ਦੇ ਨਾਲ ਬਾਰਿਸ਼ ਜਾਂ ਸਿਰਫ ਬਾਰਿਸ਼ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ।

ਦੁਨੀਆਂ ਭਰ 'ਚ ਸਵਾਈਨ ਫਲੂ ਨਾਲ 14142 ਮੌਤਾਂ

ਨਵੀਂ ਦਿੱਲੀ, 27 ਜਨਵਰੀ (ਵਿਸ਼ਵ ਵਾਰਤਾ)–ਸਵਾਈਨ ਫਲੂ ਨਾਲ ਦੁਨੀਆਂ ਭਰ ਵਿਚ ਪਿਛਲੇ 10 ਮਹੀਨਿਆਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ 14142 ਹੋ ਗਈ ਹੈ, ਜਿਸ ਵਿਚ ਲਗਪਗ 50 ਫੀਸਦੀ ਇਕੱਲੇ ਅਮਰੀਕੀ ਖੇਤਰ ਤੋਂ ਹਨ। ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਅਨੁਸਾਰ ਇਹ ਰੋਗ ਇਸ ਸਾਲ 10 ਜਨਵਰੀ ਤੱਕ ਦੁਨੀਆਂ ਭਰ ਦੇ ਲਗਪਗ 209 ਤੋਂ ਜ਼ਿਆਦਾ ਦੇਸ਼ਾਂ ਨੂੰ ਆਪਣੀ ਲਪੇਟ ਵਿਚ ਲੈ ਚੁੱਕਾ ਹੈ। ਜਿਸ ਵਿਚ 50 ਫੀਸਦੀ ਅਮਰੀਕੀ ਖੇਤਰ ਦੇ ਹਨ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ 30 ਦਸੰਬਰ ਨੂੰ ਜਾਰੀ ਅੰਕੜਿਆਂ ਅਨੁਸਾਰ ਸਵਾਈਨ ਫਲੂ ਨਾਲ ਮਰਨ ਵਾਲਿਆਂ ਦੀ ਗਿਣਤੀ 12220 ਦੱਸੀ ਗਈ ਸੀ। ਇਸ ਤੋਂ ਇਲਾਵਾ ਭਾਰਤ ਵਿਚ ਵੀ ਇਸ ਬਿਮਾਰੀ ਨੇ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ।

ਗੋਆ 'ਚ 9 ਸਾਲਾ ਰੂਸੀ ਬੱਚੀ ਨਾਲ ਬਲਾਤਕਾਰ

ਪਣਜੀ, 27 ਜਨਵਰੀ (ਵਿਸ਼ਵ ਵਾਰਤਾ)–ਗੋਆ ਵਿਚ ਵਿਦੇਸ਼ੀ ਸੈਲਾਨੀ ਨਾਲ ਇਕ ਹੋਰ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਿਸ ਨੇ ਦੱਸਿਆ ਕਿ ਗੋਆ ਦੇ ਅਰਮਬੋਲ ਬੀਚ 'ਤੇ 9 ਸਾਲ ਦੀ ਰੂਸੀ ਬੱਚੀ ਨਾਲ ਬਲਾਤਕਾਰ ਕੀਤਾ ਗਿਆ। ਪੀੜ੍ਹਤ ਲੜਕੀ ਦੀ ਮਾਂ ਨੇ ਕੱਲ੍ਹ ਸ਼ਾਮ ਪੁਲਿਸ ਸਟੇਸ਼ਨ ਵਿਚ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰੂਸੀ ਸੈਲਾਨੀ ਅਰਮਬੋਲ ਬੀਚ 'ਤੇ ਸਮੁੰਦਰ ਵਿਚ ਨਹਾ ਰਹੀ ਸੀ। ਤਦ ਇਕ ਵਿਅਕਤੀ ਨੇ ਉਸ ਦੇ ਨਾਲ ਬਲਾਤਕਾਰ ਕੀਤਾ। ਲੜਕੀ ਦੀ ਮਾਂ ਵੀ ਉਥੇ ਮੌਜੂਦ ਸੀ। ਮਾਂ ਦੇ ਸ਼ਿਕਾਇਤ ਕਰਨ 'ਤੇ ਦੋਸ਼ੀ ਉਥੋਂ ਫਰਾਰ ਹੋ ਗਿਆ। ਮੈਡੀਕਲ ਰਿਪੋਰਟ ਵਿਚ ਵੀ ਬਲਾਤਕਾਰ ਦੀ ਪੁਸ਼ਟੀ ਹੋਈ ਹੈ। ਪੁਲਿਸ ਦੋਸ਼ੀ ਦੀ ਭਾਲ ਕਰ ਰਹੀ ਹੈ।

ਮਹਿੰਦਾ ਰਾਜਪਕਸ਼ੇ ਫਿਰ ਬਣੇ ਸ੍ਰੀਲੰਕਾ ਦੇ ਰਾਸ਼ਟਰਪਤੀ

ਕੋਲੰਬੋ, 27 ਜਨਵਰੀ (ਵਿਸ਼ਵ ਵਾਰਤਾ)– ਸ੍ਰੀਲੰਕਾ ਵਿਚ ਰਾਸ਼ਟਰਪਤੀ ਅਹੁਦੇ ਲਈ ਹੋਈਆਂ ਚੋਣਾਂ ਵਿਚ ਮਹਿੰਦਾ ਰਾਜਪਕਸ਼ੇ ਨੇ ਲਗਾਤਾਰ ਦੂਸਰੀ ਵਾਰੀ ਜਿੱਤ ਦਰਜ ਕੀਤੀ ਹੈ। ਸਰਕਾਰੀ ਟੀ.ਵੀ. ਚੈਨਲਾਂ ਅਨੁਸਾਰ ਰਾਜਪਕਸ਼ੇ ਨੇ 18 ਲੱਖ ਵੋਟਾਂ ਨਾਲ ਇਹ ਜਿੱਤ ਦਰਜ ਕੀਤੀ। ਫਿਲਹਾਲ ਅਧਿਕਾਰਿਕ ਤੌਰ ਨਤੀਜਿਆਂ ਦਾ ਐਲਾਨ ਨਹੀਂ ਕੀਤਾ ਗਿਆ ਹੈ, ਪਰ ਵੋਟਾਂ ਦੀ ਗਿਣਤੀ ਵਿਚ ਰਾਜਪਕਸ਼ੇ ਆਪਣੇ ਵਿਰੋਧੀ ਸਾਬਕਾ ਫੌਜ ਮੁਖੀ ਸਨਤ ਫੋਨਸੈਕਾ ਤੋਂ ਕਾਫੀ ਵੋਟਾਂ ਨਾਲ ਅੱਗੇ ਚੱਲ ਰਹੇ ਸਨ। ਇਸ ਤੋਂ ਪਹਿਲਾਂ ਸ੍ਰੀਲੰਕਾ ਵਿਚ ਰਾਸ਼ਟਰਪਤੀ ਅਹੁਦੇ ਲਈ ਕੱਲ੍ਹ ਚੋਣਾਂ ਹੋਈਆਂ ਸਨ। ਕੁਝ ਕੁ ਹਿੰਸਕ ਘਟਨਾਵਾਂ ਨੂੰ ਛੱਡ ਕੇ ਇਹ ਮਤਦਾਨ ਸ਼ਾਂਤੀਪੂਰਨ ਰਿਹਾ ਸੀ। ਸ੍ਰੀਲੰਕਾ ਦੇ ਚੋਣ ਵਿਭਾਗ ਅਨੁਸਾਰ ਦੇਸ਼ ਵਿਚ 14,088,500 ਵੋਟਰਾਂ ਲਈ 11,098 ਚੋਣ ਕੇਂਦਰ ਬਣਾਏ ਸਨ। ਮੁੱਖ ਮੁਕਾਬਲਾ ਰਾਜਪਕਸ਼ੇ ਅਤੇ ਫੋਨਸੈਕਾ ਵਿਚਾਲੇ ਸੀ। ਚੋਣ ਮੈਦਾਨ ਵਿਚ ਕੁੱਲ 22 ਉਮੀਦਵਾਰ ਸਨ।

ਪੰਜਾਬ 'ਚ ਐਨ.1 ਐਚ.1 ਦੇ ਹੁਣ ਤੱਕ 166 ਮਾਮਲਿਆਂ ਦੀ ਪੁਸ਼ਟੀ

ਚੰਡੀਗੜ੍ਹ, 27 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ/ਵਿਸ਼ਵ ਵਾਰਤਾ)–ਪੰਜਾਬ ਵਿੱਚ ਐਚ.1 ਐਨ.1 ਸਵਾਇਨ ਫਲੂ ਦੇ ਹੁਣ ਤੱਕ 166 ਪੁਸ਼ਟ ਮਾਮਲੇ ਸਾਹਮਣੇ ਆਏ ਹਨ ਸਵਾਇਨ ਫਲੂ ਦੇ ਇਨ੍ਹਾਂ ਮਰੀਜ਼ਾਂ ਵਿਚੋਂ 38 ਦੀ ਮੌਤ ਹੋ ਗਈ। ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਇਸ ਫਲੂ ਬਾਰੇ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਮੁਤਾਬਿਕ ਦੇਸ਼ ਭਰ ਵਿੱਚ 28 ਹਜ਼ਾਰ 611 ਵਿਅਕਤੀ ਸਵਾਇਨ ਫਲੂ ਨਾਲ ਪ੍ਰਭਾਵਿਤ ਪਾਏ ਗਏ ਹਨ ਤੇ ਇਨ੍ਹਾਂ ਵਿੱਚੋਂ 1 ਹਜ਼ਾਰ 196 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਇੱਕ ਲੱਖ 21 ਹਜ਼ਾਰ 889 ਵਿਅਕਤੀਆਂ ਦੇ ਨਮੂਨੇ ਜਾਂਚ ਵਾਸਤੇ ਵੱਖ ਵੱਖ ਲੈਬਾਰਟਰੀਆਂ ਵਿੱਚ ਭੇਜੇ ਗਏ, ਜਿਨ੍ਹਾਂ ਵਿੱਚੋਂ 28 ਹਜ਼ਾਰ 611 ਮਾਮਲੇ ਪੁਸ਼ਟ ਪਾਏ ਗਏ।

ਰਾਜ ਭਾਸ਼ਾ ਹਿੰਦੀ ਨੂੰ ਅਮਲ 'ਚ ਲਿਆਉਣ ਵਾਲੀ ਨਗਰ ਰਾਜ ਭਾਸ਼ਾ ਕਮੇਟੀ ਦੀ ਮੀਟਿੰਗ ਅੱਜ

ਜਲੰਧਰ, 27 ਜਨਵਰੀ (ਵਿਸ਼ਵ ਵਾਰਤਾ)–ਰਾਜ ਭਾਸ਼ਾ ਹਿੰਦੀ ਦੇ ਪ੍ਰਚਾਰ ਪਸਾਰ ਤੇ ਇਸ ਨੂੰ ਅਮਲ ਵਿੱਚ ਲਿਆਉਣ ਵਾਲੀ ਨਗਰ ਰਾਜ ਭਾਸ਼ਾ ਕਮੇਟੀ ਦੀ ਛਿਮਾਹੀ ਮੀਟਿੰਗ ਭਲਕੇ 28 ਜਨਵਰੀ ਨੂੰ ਬਾਅਦ ਦੁਪਹਿਰ 3 ਵਜੇ ਹੋਟਲ ਸੇਖੋਂ ਗ੍ਰਾਂਡ ਵਿੱਚ ਬੁਲਾਈ ਗਈ ਹੈ। ਇਸ ਮੀਟਿੰਗ ਕੇਂਦਰ ਸਰਕਾਰ ਦੇ ਜਲੰਧਰ ਵਿੱਚ ਸਥਿਤ ਸਰਕਾਰੀ ਅਤੇ ਅਰਧ ਸਰਕਾਰੀ ਦਫਤਰਾਂ ਤੇ ਬੈਂਕਾਂ ਆਦਿ ਵਿੱਚ ਹਿੰਦੀ ਦੇ ਕੰਮਕਾਜ ਦਾ ਜਾਇਜ਼ਾ ਲਿਆ ਜਾਵੇਗਾ ਤੇ ਇਸ ਨੂੰ ਹੋਰ ਬਿਹਤਰ ਬਣਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਮੁੱਖ ਮੰਤਰੀ ਦਫਤਰ ਵਲੋਂ ਪ੍ਰਸਿਧ ਵਿਦਵਾਨ ਟੀ.ਆਰ. ਵਿਨੋਦ ਦੇ ਇਲਾਜ਼ ਲਈ ਇਕ ਲੱਖ ਰੁਪਏ ਗ੍ਰਾਂਟ ਦੇਣ ਦਾ ਫੈਸਲਾ

ਚੰਡੀਗੜ੍ਹ ਜਨਵਰੀ 27 (ਹਰੀਸ਼ ਚੰਦਰ ਬਾਗਾਂਵਾਲਾ)–ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਇਥੇ ਪ੍ਰਸਿਧ ਵਿਦਵਾਨ ਅਤੇ ਲੇਖਕ ਡਾ.ਟੀ.ਆਰ ਵਿਨੋਦ ਜੋ ਕਿ ਬਰੇਨ ਟਿਊਮਰ ਦੇ ਇਲਾਜ਼ ਵਾਸਤੇ ਪੀ.ਜੀ.ਆਈ. ਦਾਖਲ ਹਨ, ਦੇ ਇਲਾਜ ਲਈ ਇਕ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਇਹ ਪ੍ਰਗਟਾਵਾ ਕਰਦੇ ਹੋਏ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸਿੱਖਿਆ ਅਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਪਾਸੋਂ ਸੂਚਨਾ ਮਿਲਣ ਉਪਰੰਤ ਮੁੱਖ ਮੰਤਰੀ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਡਾ. ਵਿਨੋਦ ਦੇ ਉਚਿਤ ਡਾਕਟਰੀ ਇਲਾਜ ਲਈ ਤੁਰੰਤ ਇਕ ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਦੇ ਆਦੇਸ਼ ਦਿਤੇ। ਸ. ਬਾਦਲ ਨੇ ਕਿਹਾ ਕਿ ਰਾਜ ਸਰਕਾਰ ਸਾਹਿਤਕ ਸ਼ਖਸ਼ੀਅਤਾਂ ਦੀ ਭਲਾਈ ਲਈ ਵਚਨਬੱਧ ਹੈ, ਜਿਹਨਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਤਰੱਕੀ ਲਈ ਆਪਣਾ ਯੋਗਦਾਨ ਪਾਇਆ। ਉਹਨਾ ਕਿਹਾ ਕਿ ਡਾ. ਵਿਨੋਦ ਨੂੰ ਡਾਕਟਰੀ ਇਲਾਜ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸਰਕਾਰ ਦਾ ਇਕ ਨਿਮਾਣਾ ਜਿਹਾ ਯਤਨ ਹੈ।

ਪੰਜਾਬ ਦੇ ਮੁੱਖ ਮੰਤਰੀ ਵਲੋਂ ਓਲੰਪਿਅਨ ਅਜਮੇਰ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ ਜਨਵਰੀ 27 (ਹਰੀਸ਼ ਚੰਦਰ ਬਾਗਾਂਵਾਲਾ)–ਪੰਜਾਬ ਦੇ ਮੁੱਖ ਮੰਤਰੀ ਸ.ਪਰਕਾਸ਼ ਸਿੰਘ ਬਾਦਲ ਨੇ 1964 ਟੋਕਿਓ ਓਲੰਪੀਅਨ ਅਤੇ ਏਸ਼ੀਅਨ ਗੋਲਡ ਮੈਡਲਿਸਟ ਪ੍ਰੋ ਅਜਮੇਰ ਸਿੰਘ ਦੀ ਦੁੱਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ, ਜਿਨ੍ਹਾਂ ਦਾ ਬੀਤੇ ਦਿਨੀ ਨੂੰ ਲੰਬੀ ਬੀਮਾਰੀ ਤੋ ਬਾਅਦ ਦਿਹਾਂਤ ਹੋ ਗਿਆ ਹੈ ਉਹ 70 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਆਪਣੀ ਪਤਨੀ ਅਤੇ ਦੋ ਬੱਚੇ ਛੱਡ ਗਏ ਹਨ। ਆਪਣੇ ਸੋਕ ਸੰਦੇਸ਼ ਵਿਚ ਸ. ਬਾਦਲ ਨੇ ਕਿਹਾ ਕਿ ਅਰਜ਼ਨ ਐਵਾਰਡੀ ਡਾ ਅਜਮੇਰ ਸਿੰਘ ਨੇ ਖੇਡਾਂ ਦੇ ਖੇਤਰ ਅਤੇ ਵਿਦਿਅਕ ਖੇਤਰ ਵਿਚ ਲਾਸਾਨੀ ਮਿਸਾਲ ਕਾਇਮ ਕੀਤੀ। ਉਨ੍ਹਾਂ ਕਿਹਾ ਡਾ. ਅਜਮੇਰ ਸਿੰਘ ਦੀ ਮੌਤ ਨਾਲ ਖੇਡਾਂ ਦੇ ਖੇਤਰ ਵਿਚ ਖਲਾਅ ਪੈਦਾ ਹੋ ਗਿਆ ਹੈ, ਜਿਸ ਨੂੰ ਭਰਿਆ ਜਾਣਾ ਮੁਸ਼ਕਲ ਹੈ। ਮੁੱਖ ਮੰਤਰੀ ਨੇ ਦੁੱਖੀ ਪਰਿਵਾਰ ਦੇ ਮੈਬਰਾਂ ਨਾਲ ਹਮਦਰਦੀ ਦੀ ਪ੍ਰਗਟਾਵਾ ਕੀਤਾ ਅਤੇ ਵਿਛੜੀ ਆਤਮਾ ਦੀ ਰੂਹ ਦੀ ਸ਼ਾਂਤੀ ਅਤੇ ਇਹ ਨਾ ਪੂਰਿਆ ਜਾਣ ਵਾਲਾ ਘਾਟਾ ਸਹਿਣ ਕਰਨ ਲਈ ਪਰਿਵਾਰ ਨੂੰ ਬਲ ਬਖਸ਼ਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ।